ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਸ਼ਨਿੱਚਰਵਾਰ, 10 ਜਨਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੨੭ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111, +447976210161, +919729091243




## ਨਵਜੋਤ ਸਿੰਘ ਸਿੱਧੂ ਦੀ ਪੋਸਟ ਨੇ ਸਿਆਸੀ ਹਲਕਿਆਂ 'ਚ ਚਰਚਾ ਛੇੜੀ

ਚੰਡੀਗੜ੍ਹ, 9 ਜਨਵਰੀ (ਆਵਾਜ਼ਿ ਕੌਮ ਬਿਊਰੋ)– ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਅੱਜ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਸਿਆਸੀ ਹਲਕਿਆਂ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਉਨ੍ਹਾਂ ਸੋਸ਼ਲ ਮੀਡੀਆ 'ਤੇ ਵੀਡੀਓ ਸੰਦੇਸ਼ ਪਾਇਆ ਹੈ, ਜਿਸ ਵਿੱਚ ਉਨ੍ਹਾਂ ਸ਼ਾਇਰਾਨਾ ਅੰਦਾਜ਼ 'ਚ ਕਿਹਾ ਕਿ ਅੱਗ ਲਗਾਉਣ ਵਾਲਿਆਂ ਨੂੰ ਕੀ ਖਬਰ, ਜਦੋਂ ਰੁਖ਼ ਹਵਾਵਾਂ ਨੇ ਬਦਲ ਲਿਆ ਤਾਂ ਖ਼ਾਕ ਉਹ ਵੀ ਹੋ ਜਾਣਗੇ, ਹੁਣ ਗੱਲ ਰੁਤਬੇ ਦੀ ਹੋ ਗਈ ਹੈ, ਹੁਣ ਚਾਲ ਵੀ ਵੱਡੀ ਤੇ ਖੇਡ ਵੀ ਖ਼ਤਮ, ਇਹ ਹੈ ਬਾਤ।" ਇਹ ਪੋਸਟ ਪੰਜਾਬ ਦੇ ਸਿਆਸੀ ਮਾਹੌਲ ਵਿੱਚ ਗਰਮਾਹਟ ਭਰਨ ਵਾਲੀ ਹੈ, ਕਿਉਂਕਿ ਅਜਿਹੀ ਪੋਸਟ ਡਾ. ਨਵਜੋਤ ਕੌਰ ਸਿੱਧੂ ਦੀ ਮੁਅੱਤਲੀ ਤੋਂ ਬਾਅਦ ਪਹਿਲੀ ਵਾਰੀ ਪਾਈ ਗਈ ਹੈ। ਇਸ ਤੋਂ ਪਹਿਲਾਂ ਨਵਜੋਤ ਸਿੱਧੂ ਆਪਣੇ ਕਾਮੇਡੀ ਸ਼ੋਅ ਦੀਆਂ ਪੋਸਟਾਂ ਹੀ ਪਾਉਂਦੇ ਸਨ ਜਾਂ ਫਿਰ ਖਿਡਾਰੀਆਂ ਨਾਲ ਪੋਸਟਾਂ ਸਾਂਝੀਆਂ ਕਰਦੇ ਸਨ। ਪਟਿਆਲਾ ਦੇ ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਸਿੰਘ ਗਾਂਧੀ ਨੇ ਕਿਹਾ ਹੈ ਕਿ ਨਵਜੋਤ ਸਿੱਧੂ ਚੁੱਪ ਨਹੀਂ ਬੈਠਾ ਉਹ ਸਗੋਂ ਆਪਣੀ ਅਗਲੀ ਸਿਆਸੀ ਪਾਰੀ ਖੇਡੇਗਾ, ਉਹ ਗੱਲ ਵੱਖ ਹੈ ਕਿ ਉਹ ਕਿਸ ਮੰਚ ਤੋਂ ਪਾਰੀ ਖੇਡੇਗਾ। ਉਨ੍ਹਾਂ ਕਿਹਾ ਕਿ ਇਹ ਉਸ ਦਾ ਅਧਿਕਾਰ ਹੈ ਉਹ ਕਿਸੇ ਵੀ ਪਾਰਟੀ ਵਿੱਚ ਜਾਵੇ, ਉਸ ਦੇ ਅੰਦਰ ਸਿਆਸੀ ਅੱਗ ਹੈ, ਲੋਕਾਂ ਨੂੰ ਲੱਗਦਾ ਹੈ ਕਿ ਉਹ ਚੁੱਪ ਬੈਠਾ ਹੈ ਪਰ ਉਹ ਚੁੱਪ ਕਦੇ ਨਹੀਂ ਬੈਠਾ, ਇਹ ਪੋਸਟ ਵੀ ਉਸ ਦੇ ਅੰਦਰਲੀ ਅੱਗ ਨੂੰ ਦਰਸਾ ਰਹੀ ਹੈ।

## ਪੰਜਾਬੀ ਭਾਈਚਾਰੇ 'ਚ ਮੱਚੀ ਹਲਚਲ

# ਹੁਣ ਮਾਪਿਆਂ ਨੂੰ ਕੈਨੇਡਾ ਨਹੀਂ ਸੱਦ ਸਕਣਗੇ ਪ੍ਰਵਾਸੀ, ਬਜ਼ੁਰਗਾਂ ਦੇ ਸਪਾਂਸਰ ਵੀਜ਼ਿਆਂ 'ਤੇ ਲੱਗੀ ਰੋਕ

ਜਲੰਧਰ, 9 ਜਨਵਰੀ (ਆਵਾਜ਼ਿ ਕੌਮ ਬਿਊਰੋ)–ਕੈਨੇਡਾ ਸਰਕਾਰ ਵੱਲੋਂ ਇੱਕ ਹੋਰ ਨਵੀਂ ਤਬਦੀਲੀ ਕਰ ਪ੍ਰਵਾਸੀਆਂ ਨੂੰ ਨਵਾਂ ਝਟਕਾ ਦੇ ਦਿੱਤਾ ਹੈ, ਜਿਸ ਦਾ ਸਿੱਧਾ ਅਸਰ ਪੰਜਾਬੀਆਂ ਉੱਤੇ ਵੀ ਪਏਗਾ। ਹੁਣ ਕੈਨੇਡਾ 'ਚ ਰਹਿਣ ਵਾਲੇ ਪ੍ਰਵਾਸੀ ਆਪਣੇ ਮਾਪੇ ਨਹੀਂ ਸੱਦ ਸਕਣਗੇ। ਬਜ਼ੁਰਗਾਂ ਦੇ ਸਪਾਂਸਰ ਵੀਜ਼ਿਆਂ 'ਤੇ ਰੋਕ ਲੱਗਾ ਦਿੱਤੀ ਗਈ ਹੈ ਤੇ ਕੈਨੇਡਾ ਨੇ ਸਾਲ 2026 ਲਈ ਨਵੀਆਂ ਅਰਜ਼ੀਆਂ ਲੈਣੀਆਂ





ਬੰਦ ਕੀਤੀਆਂ ਹਨ। ਕੈਨੇਡਾ ਆਏ ਦਿਨ ਵੀਜ਼ਾ ਨਿਯਮਾਂ ਨੂੰ ਸਖਤ ਕਰਦਾ ਰਿਹਾ ਹੈ ਜਿਸ ਦਾ ਭਾਰਤੀਆਂ ਖਾਸ ਕਰਕੇ ਪੰਜਾਬੀਆਂ 'ਤੇ ਭਾਰੀ ਪ੍ਰਭਾਵ ਪੈ ਰਿਹਾ ਹੈ। ਨਵੇਂ ਫਰਮਾਨ ਤਹਿਤ ਹੁਣ ਕੈਨੇਡਾ ਵਿਚ ਰਹਿਣ ਵਾਲੇ ਪ੍ਰਵਾਸੀ ਆਪਣੇ ਮਾਪੇ ਨਹੀਂ ਸੱਦ ਸਕਣਗੇ। ਕੈਨੇਡਾ ਸਰਕਾਰ ਨੇ **Parent and Grandparent Sponsorship Program** ਤਹਿਤ ਬਜ਼ੁਰਗ ਰਿਸ਼ਤੇਦਾਰਾਂ ਨੂੰ ਸਪਾਂਸਰ ਕਰਨ ਵਾਲੇ ਵੀਜ਼ਿਆਂ 'ਤੇ ਰੋਕ ਲਗਾ ਦਿੱਤੀ ਹੈ। ਇਮੀਗ੍ਰੇਸ਼ਨ ਨੀਤੀਆਂ ਵਿਚ ਲਗਾਤਾਰ ਬਦਲਾਅ ਹੋ ਰਹੇ ਹਨ। ਓਟਾਵਾ ਨੇ 2026 ਵਿਚ ਬਜ਼ੁਰਗਾਂ, ਦਾਦਾ-ਦਾਦੀ ਤੇ ਇਮੀਗ੍ਰੇਸ਼ਨ ਅਰਜ਼ੀਆਂ ਦੇ ਦਰਵਾਜ਼ੇ ਬੰਦ ਕਰ ਦਿੱਤੇ ਹਨ। ਕੈਨੇਡਾ 2026 ਲਈ ਇਮੀਗ੍ਰੇਸ਼ਨ ਅਰਜ਼ੀਆਂ 'ਤੇ ਰੋਕ ਲਗਾ ਰਿਹਾ ਹੈ ਜਿਸ ਦਾ ਮਤਲਬ ਸਰਕਾਰ ਉਨ੍ਹਾਂ ਲੋਕਾਂ ਦੇ ਪਰਿਵਾਰ ਪੁਨਰ ਏਕੀਕਰਨ ਨੂੰ ਰੋਕ ਦੇਵੇਗੀ ਜੋ ਉਮੀਦ ਕਰਦੇ ਹਨ ਕਿ ਉਹ ਸਪਾਂਸਰ ਵੀਜ਼ਾ ਭੇਜ ਕੇ ਆਪਣੇ ਮਾਪੇ, ਦਾਦਾ-ਦਾਦੀ ਜਾਂ ਕਿਸੇ ਰਿਸ਼ਤੇਦਾਰ ਨੂੰ ਬੁਲਾ ਲੈਣਗੇ। ਦੱਸਣਯੋਗ ਹੈ ਕਿ ਪਹਿਲਾਂ ਇਸ ਸਕੀਮ ਤਹਿਤ ਸਪਾਂਸਰ ਨੂੰ 20 ਸਾਲ ਤੱਕ ਬਜ਼ੁਰਗ ਰਿਸ਼ਤੇਦਾਰ ਦੇ ਸਾਰੇ ਖਰਚਿਆਂ ਦੀ ਜ਼ਿੰਮੇਵਾਰੀ ਲੈਣੀ ਪੈਂਦੀ ਸੀ। ਨਾਲ ਹੀ ਇਹ ਭਰੋਸਾ ਵੀ ਦੇਣਾ ਪੈਂਦਾ ਸੀ ਕਿ ਬਜ਼ੁਰਗ ਰਿਸ਼ਤੇਦਾਰ ਕਿਸੇ ਵੀ ਸਰਕਾਰੀ ਸਹਾਇਤਾ ਜਾਂ ਬੈਨਿਫਿਟ ਦੀ ਮੰਗ ਨਹੀਂ ਕਰੇਗਾ। ਕੈਨੇਡਾ ਸਰਕਾਰ ਦੇ ਇਸ ਫੈਸਲੇ ਨਾਲ ਹਜ਼ਾਰਾਂ ਪ੍ਰਵਾਸੀ ਪਰਿਵਾਰ ਪ੍ਰਭਾਵਿਤ ਹੋਣਗੇ, ਜੋ ਲੰਬੇ ਸਮੇਂ ਤੋਂ ਆਪਣੇ ਮਾਪਿਆਂ ਨੂੰ ਆਪਣੇ ਕੋਲ ਬੁਲਾਉਣ ਦੀ ਉਡੀਕ ਕਰ ਰਹੇ ਸਨ। ਇਸ ਲਿਸਟ ਵਿੱਚ ਵੱਡੀ ਗਣਿਤੀ ਦੇ ਵਿੱਚ ਪੰਜਾਬੀਆਂ ਵੀ ਸ਼ਾਮਿਲ ਹਨ, ਜੋ ਕਿ ਆਪਣੇ ਮਾਪਿਆਂ ਨੂੰ ਕੈਨੇਡਾ ਸੱਦਣਾ ਚਾਹੁੰਦੇ ਹਨ।

## ਦਿੱਲੀ ਭਾਜਪਾ ਆਗੂਆਂ ਵੱਲੋਂ 'ਆਪ' ਹੈੱਡ ਕੁਆਰਟਰ ਨੇੜੇ ਪ੍ਰਦਰਸ਼ਨ

ਨਵੀਂ ਦਿੱਲੀ, 9 ਜਨਵਰੀ ਆਵਾਜ਼ਿ ਕੌਮ ਬਿਊਰੋ)– ਦਿੱਲੀ ਭਾਜਪਾ ਦੇ ਆਗੂਆਂ ਅਤੇ ਵਰਕਰਾਂ ਨੇ ਸ਼ੁੱਕਰਵਾਰ ਨੂੰ ਪਾਰਟੀ ਆਗੂ ਆਤਿਸ਼ੀ ਵੱਲੋਂ ਗੁਰੂ ਤੇਗ ਬਹਾਦਰ ਜੀ ਦੇ ਕਥਿਤ ਅਪਮਾਨ ਵਿਰੁੱਧ 'ਆਪ' ਹੈੱਡਕੁਆਰਟਰ ਨੇੜੇ ਪ੍ਰਦਰਸ਼ਨ ਕੀਤਾ। ਵਿੰਡਸਰ ਪਲੇਸ ਨੇੜੇ ਇਕੱਠੇ ਹੋਏ ਪ੍ਰਦਰਸ਼ਨਕਾਰੀਆਂ ਨੇ 'ਆਪ' ਅਤੇ ਆਤਿਸ਼ੀ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਉਨ੍ਹਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ। ਇਸ ਪ੍ਰਦਰਸ਼ਨ ਵਿੱਚ ਭਾਜਪਾ ਦੇ ਸੰਸਦ ਮੈਂਬਰ ਯੋਗਿੰਦਰ ਚਾਂਦੋਲੀਆ ਅਤੇ ਕਮਲਜੀਤ ਸਹਿਰਾਵਤ, ਰਾਸ਼ਟਰੀ ਬੁਲਾਰੇ ਆਰ.ਪੀ. ਸਿੰਘ ਅਤੇ



ਵਿਧਾਇਕ ਕੈਲਾਸ਼ ਗਹਿਲੋਤ ਸਮੇਤ ਹੋਰਨਾਂ ਨੇ ਹਿੱਸਾ ਲਿਆ। ਦਿੱਲੀ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਦੌਰਾਨ ਮੰਗਲਵਾਰ ਨੂੰ ਭਾਜਪਾ ਵਿਧਾਇਕਾਂ ਨੇ ਆਤਿਸ਼ੀ 'ਤੇ ਗੁਰੂ ਤੇਗ ਬਹਾਦਰ ਜੀ ਦਾ ਅਪਮਾਨ ਕਰਨ ਦਾ ਦੋਸ਼ ਲਗਾਇਆ ਸੀ, ਜਦੋਂ ਸਦਨ ਵਿੱਚ ਪਿਛਲੇ ਸਾਲ ਨਵੰਬਰ ਵਿੱਚ ਉਨ੍ਹਾਂ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਦਿੱਲੀ ਸਰਕਾਰ ਦੇ ਪ੍ਰੋਗਰਾਮ ਬਾਰੇ ਵਿਸ਼ੇਸ਼ ਚਰਚਾ ਹੋਈ ਸੀ। ਭਾਜਪਾ ਵਿਧਾਇਕਾਂ ਨੇ ਕਾਲਕਾਜੀ ਤੋਂ ਵਿਧਾਇਕ ਅਤੇ ਸਦਨ ਵਿੱਚ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਦੀ ਵਿਧਾਨ ਸਭਾ ਮੈਂਬਰਸ਼ਿਪ ਰੱਦ ਕਰਨ ਦੀ ਮੰਗ ਕੀਤੀ ਹੈ। ਆਤਿਸ਼ੀ ਸਮੇਤ 'ਆਪ' ਆਗੂਆਂ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਹੈ ਕਿ ਭਾਜਪਾ ਵੱਲੋਂ ਵਰਤੀ ਗਈ ਵੀਡੀਓ ਕਲਿੱਪ ਨਾਲ ਛੇੜਛਾੜ ਕੀਤੀ ਗਈ ਸੀ। ਵਿਧਾਨ ਸਭਾ ਦੀ ਵੀਡੀਓ ਰਿਕਾਰਡਿੰਗ ਨੂੰ ਸਪੀਕਰ ਵਿਜੇਂਦਰ ਗੁਪਤਾ ਨੇ ਵੀਰਵਾਰ ਨੂੰ ਫੋਰੈਂਸਿਕ ਜਾਂਚ ਲਈ ਭੇਜ ਦਿੱਤਾ ਸੀ।

## 328 ਪਾਵਨ ਸਰੂਪ ਮਾਮਲੇ 'ਚ ਵੱਡਾ ਐਕਸ਼ਨ !

## ਸੀਏ ਦੇ ਦਫ਼ਤਰ 'ਚ ਸਿੱਟ ਦਾ ਛਾਪਾ, ਕਈ ਮਹੱਤਵਪੂਰਨ ਦਸਤਾਵੇਜ਼ ਸਣੇ ਡੀਵੀਆਰ ਕੀਤੇ ਜ਼ਬਤ

ਲੁਧਿਆਣਾ, 9 ਜਨਵਰੀ (ਆਵਾਜ਼ਿ ਕੌਮ ਬਿਊਰੋ)– ਵੀਰਵਾਰ ਦੇਰ ਸ਼ਾਮ, ਵਿਸ਼ੇਸ਼ ਜਾਂਚ ਟੀਮ ਨੇ ਲੁਧਿਆਣਾ ਦੇ ਪਾਸ਼ ਟੈਗੋਰ ਨਗਰ ਇਲਾਕੇ ਵਿੱਚ ਸਥਿਤ ਮਸ਼ਹੂਰ ਚਾਰਟਰਡ ਅਕਾਊਂਟੈਂਟ ਅਸ਼ਵਨੀ ਕੁਮਾਰ, ਅਸ਼ਵਨੀ ਐਂਡ ਐਸੋਸੀਏਟਸ ਦੇ ਦਫ਼ਤਰ 'ਤੇ ਛਾਪਾ ਮਾਰਿਆ। ਛਾਪੇਮਾਰੀ ਦੌਰਾਨ, ਪੁਲਿਸ ਅਕਾਲੀ ਦਲ ਦੇ ਨੇਤਾ ਸੁਖਬੀਰ ਬਾਦਲ ਦੇ 31 ਸਤਵਿੰਦਰ ਸਿੰਘ ਕੋਹਲੀ ਨੂੰ ਵੀ ਆਪਣੇ ਨਾਲ ਲੈ ਗਈ, ਜਿਸਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਸੀ। ਇਸ ਛਾਪੇਮਾਰੀ ਦੌਰਾਨ, ਮੌਜੂਦ ਵਕੀਲਾਂ ਅਤੇ ਪੁਲਿਸ ਅਧਿਕਾਰੀਆਂ ਵਿਚਕਾਰ ਸਰਚ ਵਾਰੰਟ ਨੂੰ ਲੈ ਕੇ ਗਰਮਾ-ਗਰਮ ਬਹਿਸ ਹੋਈ। ਜਿਵੇਂ ਹੀ ਸਿੱਟ ਟੀਮ ਮੁੱਖ ਮੰਤਰੀ ਦੇ ਦਫ਼ਤਰ ਵਿੱਚ ਦਾਖਲ ਹੋਈ, ਕਈ ਵਕੀਲ ਪਹੁੰਚੇ ਅਤੇ ਪੁਲਿਸ ਤੋਂ ਸਰਚ ਵਾਰੰਟ ਅਤੇ ਸਰਕਾਰੀ ਹੁਕਮ ਦਿਖਾਉਣ ਦੀ ਮੰਗ ਕੀਤੀ। ਜਦੋਂ ਪੁਲਿਸ ਸਪੱਸ਼ਟ ਜਵਾਬ ਦੇਣ ਵਿੱਚ ਅਸਫਲ ਰਹੀ, ਤਾਂ ਦੋਵਾਂ ਧਿਰਾਂ ਵਿਚਕਾਰ ਗਰਮਾ-ਗਰਮ ਬਹਿਸ ਹੋਈ। ਸਥਿਤੀ ਨੂੰ ਵਿਗੜਦੀ ਦੇਖ ਕੇ, ਲੁਧਿਆਣਾ ਦੇ ਹੋਰ ਸੀਏ ਵੀ ਪਹੁੰਚੇ ਅਤੇ ਪੁਲਿਸ ਦਾ ਰਸਤਾ ਰੋਕ ਦਿੱਤਾ। ਲਗਭਗ 30 ਮਿੰਟਾਂ ਤੱਕ ਦਫਤਰ ਦੇ ਬਾਹਰ 'ਪੁਲਿਸ ਅਤੇ ਸਰਕਾਰ ਨੂੰ ਮੌਤ' ਦੇ ਨਾਅਰੇ ਲਗਾਏ ਗਏ।

## ਪੰਜਾਬ ਦੀ ਮਹਿਲਾ ਆਈਪੀਐਸ ਅਧਿਕਾਰੀ ਡਾ. ਰਵਜੋਤ ਕੌਰ ਗਰੇਵਾਲ ਬਹਾਲ

ਚੰਡੀਗੜ੍ਹ, 9 ਜਨਵਰੀ (ਆਵਾਜ਼ਿ ਕੌਕ ਬਿਊਰੋ)–ਪੰਜਾਬ ਕੈਡਰ ਦੀ ਸੀਨੀਅਰ ਮਹਿਲਾ ਆਈਪੀਐਸ ਅਧਿਕਾਰੀ ਡਾ. ਰਵਜੋਤ ਕੌਰ ਗਰੇਵਾਲ ਰਾਜ ਸਰਕਾਰ ਵੱਲੋਂ ਮੁੜ ਬਹਾਲ ਕਰ ਦਿੱਤਾ ਗਿਆ ਹੈ। ਤਰਨਤਾਰਨ ਵਿਧਾਨ ਸਭਾ ਸੀਟ 'ਤੇ ਹੋਏ ਉਪਚੋਣ ਦੌਰਾਨ ਚੋਣ ਆਚਾਰ ਸੰਹਿਤਾ ਦੇ ਕਥਿਤ ਉਲੰਘਣ ਦੇ ਆਰੋਪਾਂ ਦੇ ਕਾਰਨ ਚੋਣ ਆਯੋਗ ਵੱਲੋਂ ਨਿਲੰਬਿਤ ਕੀਤਾ ਗਿਆ ਸੀ, ਇਸ ਅਧਿਕਾਰੀ ਦੀ ਸੇਵਾਵਾਂ ਹੁਣ ਫਿਰ ਬਹਾਲ ਕਰ ਦਿੱਤੀਆਂ ਗਈਆਂ ਹਨ। ਚੋਣ ਪ੍ਰਕਿਰਿਆ ਪੂਰੀ ਹੋਣ ਅਤੇ ਮਾਮਲੇ ਦੀ ਸਮੀਖਿਆ ਕਰਨ ਤੋਂ ਬਾਅਦ ਇਹ ਫੈਸਲਾ ਲਿਆ ਗਿਆ। ਧਿਆਨ ਦੇਣਯੋਗ ਹੈ ਕਿ ਉਪਚੋਣ ਦੌਰਾਨ ਚੋਣ ਆਯੋਗ ਨੂੰ ਆਈਪੀਐਸ ਰਵਜੋਤ ਕੌਰ ਗ੍ਰੇਵਾਲ ਖ਼ਿਲਾਫ਼ ਕੁਝ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ। ਇਨ੍ਹਾਂ ਸ਼ਿਕਾਇਤਾਂ ਵਿੱਚ ਉਨ੍ਹਾਂ 'ਤੇ ਆਚਾਰ ਸੰਹਿਤਾ ਦੀ ਪਾਲਣਾ ਵਿੱਚ ਲਾਪਰਵਾਹੀ ਕਰਨ ਅਤੇ ਚੋਣ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਵਰਗੇ ਆਰੋਪ ਲਗਾਏ ਗਏ ਸਨ। ਚੋਣ ਆਯੋਗ ਨੇ ਇਨ੍ਹਾਂ ਆਰੋਪਾਂ ਨੂੰ ਗੰਭੀਰ ਮੰਨਦੇ ਹੋਏ ਨਿਰਪੱਖ ਅਤੇ ਪਾਰਦਰਸ਼ੀ ਚੋਣ ਯਕੀਨੀ ਬਣਾਉਣ ਦੇ ਉਦੇਸ਼ ਨਾਲ ਤੁਰੰਤ ਪ੍ਰਭਾਵ ਨਾਲ ਉਨ੍ਹਾਂ ਨੂੰ ਸਸਪੈਂਡ ਕਰ ਦਿੱਤਾ ਸੀ। ਹੁਣ ਜਦੋਂ ਤਰਨਤਾਰਨ ਉਪਚੋਣ ਦੀ ਪੂਰੀ ਪ੍ਰਕਿਰਿਆ ਸਪੰਨ ਹੋ ਚੁੱਕੀ ਹੈ, ਤਾਂ ਡਾ. ਰਵਜੋਤ ਕੌਰ ਗਰੇਵਾਲ ਦੀ ਬਹਾਲੀ ਦਾ ਫੈਸਲਾ ਕੀਤਾ ਗਿਆ ਹੈ।

## ਕੀ ਬੀਜੇਪੀ ਵੱਲੋਂ 2027 ਲਈ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ ਨਾਲ ਗੱਠਜੋੜ ਦੀ ਤਿਆਰੀ ?

ਚੰਡੀਗੜ੍ਹ, 9 ਜਨਵਰੀ (ਆਵਾਜ਼ਿ ਕੌਮ ਬਿਊਰੋ)–ਜ਼ੀਰਕਪੁਰ ਵਿੱਚ ਇੱਕ ਬੀਜੇਪੀ ਨੇਤਾ ਦੇ ਸੋਸ਼ਲ ਸਮਾਗਮ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਦੀ ਹਰਿਆਣੇ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਹਾਸੇ ਠੱਠੇ ਦੀ ਵਾਇਰਲ ਹੋਈ ਵੀਡੀਓ ਨੇ ਕੁਝ ਨਵੇਂ ਸਵਾਲ ਵੀ ਖੜ੍ਹੇ ਕਰ ਦਿੱਤੇ ਨੇ। ਬੇਸ਼ੱਕ ਗਿਆਨੀ ਹਰਪ੍ਰੀਤ ਸਿੰਘ ਦੀ ਬੀਜੇਪੀ ਨੇਤਾਵਾਂ ਨਾਲ ਕੋਈ ਮੁਲਾਕਾਤ ਪਹਿਲੀ ਨਹੀਂ ਤੇ ਨਾ ਹੀ ਉਹਨਾਂ ਦੀ ਦਿੱਲੀ ਵਾਲਿਆਂ ਨਾਲ ਨੇੜਤਾ ਬਾਰੇ ਕੋਈ ਨਵਾਂ ਖੁਲਾਸਾ ਹੋਇਆ ਹੈ, ਪਰ ਫਿਰ ਵੀ ਇਸ ਛੋਟੀ ਜਿਹੀ ਵੀਡੀਓ ਕਲਿੱਪ 'ਤੇ ਇਸ ਮਿਲਣੀ ਦੇ ਸਿਆਸੀ ਅਰਥ ਕੱਢੇ ਜਾ ਸਕਦੇ ਹਨ ਤੇ ਕੱਢੇ ਜਾ ਰਹੇ ਹਨ। ਗੱਲ ਸਿਰਫ ਗਿਆਨੀ ਹਰਪ੍ਰੀਤ ਸਿੰਘ ਦੀ ਜ਼ਾਤੀ ਨੇੜਤਾ ਦੀ ਨਹੀਂ ਸਗੋਂ ਪੰਜਾਬ ਅੰਦਰ ਨਵੇਂ ਪੈਦਾ ਹੋ ਰਹੇ ਸਿਆਸੀ ਗੱਠਜੋੜ ਅਤੇ ਸਿੱਖ ਰਾਜਨੀਤੀ ਵਿੱਚ ਬਦਲੇ ਹੋਏ ਮਾਹੌਲ ਵਿੱਚ ਨਵੀਆਂ ਸੰਭਾਵਨਾਵਾਂ ਦੀ ਹੈ। ਸਿਰਫ ਗੱਲ ਕਿਆਸ ਅਰਾਈਆਂ ਦੀ ਹੀ ਨਹੀਂ ਸਗੋਂ ਬਾਬੂਸ਼ਾਹੀ ਕੋਲ ਇਹ ਜਾਣਕਾਰੀ ਵੀ ਹੈ ਕਿ ਬੀਜੇਪੀ ਦੀ ਲੀਡਰਸ਼ਿਪ ਦਾ ਇੱਕ ਹਿੱਸਾ ਸੁਖਬੀਰ ਬਾਦਲ ਨੂੰ ਵੀ ਪਸੰਦ ਨਹੀਂ ਕਰਦਾ ਤੇ ਸੁਖਬੀਰ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨੂੰ ਇੱਕ ਐਸਟ ਨਹੀਂ ਸਗੋਂ ਲਾਇਬਿਲਿਟੀ ਸਮਝਦਾ ਹੈ ਅਤੇ ਇਸ ਅਕਾਲੀ ਦਲ ਨਾਲ ਗੱਠਜੋੜ ਦੇ ਹੱਕ ਵਿੱਚ ਨਹੀਂ ਹੈ। ਇਹ ਧੜਾ ਮੋਟੇ ਤੌਰ 'ਤੇ ਤਾਂ ਪੰਜਾਬ ਵਿਧਾਨ ਸਭਾ ਦੀ ਚੋਣ ਇਕੱਲਿਆਂ ਲੜ ਕੇ ਆਪਣੀ ਸਰਕਾਰ ਬਣਾਉਣ ਦੇ ਹੱਕ ਵਿੱਚ ਹੈ ਪਰ ਇਸ ਦੇ ਨਾਲ ਹੀ ਉਹ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ ਨੂੰ ਸੁਖਬੀਰ ਬਾਦਲ ਦੇ ਮੁਕਾਬਲੇ ਖੜ੍ਹਾ ਕਰਕੇ ਇਸ ਨੂੰ ਤਕੜਾ ਕਰਕੇ ਅਤੇ ਇਸ ਨਾਲ 2027 ਦੀਆਂ ਚੋਣਾਂ ਵਿੱਚ ਗਠਜੋੜ ਕਰਨ ਦਾ ਹਾਮੀ ਹੈ। ਪੁਨਰ ਸੁਰਜੀਤ ਅਕਾਲੀ ਦਲ ਦੇ ਨੇਤਾਵਾਂ ਤੇ ਖਾਸ ਕਰਕੇ ਗਿਆਨੀ ਹਰਪ੍ਰੀਤ ਸਿੰਘ ਦੀਆਂ ਬੀਜੇਪੀ ਨੇਤਾਵਾਂ ਨਾਲ ਨਿੱਘੀਆਂ ਮਿਲਣੀਆਂ ਨੂੰ ਇਸੇ ਪ੍ਰਸੰਗ ਵਿੱਚ ਹੀ ਦੇਖਿਆ ਜਾ ਸਕਦਾ ਹੈ। ਯਾਦ ਰਹੇ ਕਿ ਹੁਣ ਤਾਂ ਇਸ ਅਕਾਲੀ ਦਲ ਨੇ ਭਾਰਤੀ ਚੋਣ ਕਮਿਸ਼ਨ ਕੋਲ ਆਪਣੀ ਵੱਖਰੀ ਰੀਜਨਲ ਪਾਰਟੀ ਦੀ ਰਜਿਸਟਰੇਸ਼ਨ ਲਈ ਵੀ ਅਰਜ਼ੀ ਪਾ ਦਿੱਤੀ ਹੈ ਜਿਸ ਦਾ ਨਾਂ **SAD** ਪੰਜਾਬ ਮੰਗਿਆ ਗਿਆ ਹੈ। ਬੇਸ਼ੱਕ ਬੀਜੇਪੀ ਦੀ ਕੌਮੀ ਲੀਡਰਸ਼ਿਪ ਨੇ ਅਜੇ ਤੱਕ ਪੰਜਾਬ ਦੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਬਾਰੇ ਕੋਈ ਬੱਝਵੀਂ ਅਤੇ ਇੱਕ ਸਾਰ ਨੀਤੀ ਨਹੀਂ ਬਣਾਈ ਕਿ ਕੀ ਇਕੱਲਿਆਂ ਚੋਣ ਲੜਨੀ ਹੈ ਜਾਂ ਕਿਸੇ ਨਾਲ ਗੱਠਜੋੜ ਕਰਨਾ ਹੈ, ਇਸੇ ਲਈ ਹੀ ਬੀਜੇਪੀ ਦੇ ਸੂਬਾਈ ਅਤੇ ਕੇਂਦਰੀ ਨੇਤਾ ਇਸ ਮੁੱਦੇ ਬਾਰੇ ਵੱਖ-ਵੱਖ ਬੋਲੀਆਂ ਬੋਲਦੇ ਰਹਿੰਦੇ ਹਨ ਪਰ ਇਸ ਗੱਲ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਕਿ ਲੀਡਰਸ਼ਿਪ ਵਿਚਲਾ ਇਹ ਵਿਚਾਰ ਹਾਵੀ ਹੋ ਜਾਵੇ ਕਿ ਮੁੱਖ ਤੌਰ 'ਤੇ ਇਕੱਲਿਆਂ ਹੀ ਚੋਣ ਲੜੀ ਜਾਵੇ ਪਰ ਸੁਖਬੀਰ ਬਾਦਲ ਦੇ ਮੁਕਾਬਲੇ ਦੇ ਅਕਾਲੀ ਦਲ ਨਾਲ ਜਾਂ ਦੂਜੀਆਂ ਪਾਰਟੀਆਂ ਵਿੱਚ ਭੰਨ ਤੋੜ ਕਰਕੇ ਨਵੇਂ ਧੜੇ ਖੜ੍ਹੇ ਕਰਕੇ ਉਹਨਾਂ ਨਾਲ ਚੋਣ ਸਮਝੌਤੇ ਕੀਤੇ ਜਾਣ। ਅਜੇ ਕਾਫੀ ਸਮਾਂ 2027 ਵਿੱਚ ਬਾਕੀ ਹੈ ਅਤੇ ਕਾਫੀ ਸਿਆਸੀ ਉਤਰਾ ਚੜ੍ਹਾ ਰਾਜਨੀਤੀ ਵਿੱਚ ਆਉਣੇ ਹਨ ਇਸ ਲਈ ਅੰਤਿਮ ਸਿੱਟਾ ਕੀ ਨਿਕਲਦਾ ਹੈ ਇਹ ਤਾਂ ਸਮਾਂ ਹੀ ਦੱਸੇਗਾ। ਇੱਕ ਗੱਲ ਜ਼ਰੂਰ ਸਪਸ਼ਟ ਹੈ ਕਿ ਕੁਝ ਹੱਦ ਤੱਕ **Antiincumbancy** ਹੋਣ ਦੇ ਬਾਵਜੂਦ ਵੀ ਪੰਜਾਬ ਵਿੱਚ ਰਾਜ ਕਰ ਰਹੀ ਆਮ ਆਦਮੀ ਪਾਰਟੀ ਮੌਜੂਦਾ ਇਸ ਮਾਹੌਲ 'ਤੇ ਬਾਗੋ ਬਾਗ ਹੈ ਅਤੇ ਤਿੰਨ ਚਾਰ ਹਿੱਸਿਆਂ ਵਿੱਚ ਵੰਡੀ ਹੋਈ ਵਿਰੋਧੀ ਧਿਰ ਦੀ ਸਿਆਸੀ ਹਾਲਤ ਦਾ ਖੂਬ ਲਾਹਾ ਵੀ ਲੈ ਰਹੀ ਹੈ ਅਤੇ 2027 ਦੀਆਂ ਚੋਣਾਂ ਵਿੱਚ ਵੀ ਇਸੇ ਮਾਹੌਲ ਨੂੰ ਜਾਰੀ ਰੱਖਣ ਦੀ ਕੋਸ਼ਿਸ਼ ਕਰਕੇ ਉਦੋਂ ਵੀ ਸਿਆਸੀ ਲਾਹਾ ਲੈ ਕੇ ਮੁੜ ਸੱਤਾ ਵਿੱਚ ਆਉਣ ਦੀ ਰਣਨੀਤੀ 'ਤੇ ਕੰਮ ਕਰ ਰਹੀ ਹੈ।

## ਆਤਿਸ਼ੀ ਦੀ ਵੀਡੀਓ ਨੂੰ ਤਕਨਾਲੋਜੀ ਨਾਲ ਤੋੜ-ਮਰੋੜ ਕੇ ਅਪਲੋਡ ਅਤੇ ਪ੍ਰਸਾਰਿਤ ਕਰਨ ਦੇ ਸਬੰਧ ਵਿੱਚ

## ਜਲੰਧਰ ਪੁਲਿਸ ਕਮਿਸ਼ਨਰੇਟ ਵਿਖੇ ਐਫ.ਆਈ.ਆਰ. ਦਰਜ

### ਸੋਸ਼ਲ ਮੀਡੀਆ ਪੋਸਟ ਤੋਂ ਲਏ ਗਏ ਆਡੀਓ ਦੀ ਫੋਰੈਂਸਿਕ ਜਾਂਚ ਤੋਂ ਪਤਾ ਚੱਲਦਾ ਹੈ ਕਿ ਆਤਿਸ਼ੀ ਦੁਆਰਾ "ਗੁਰੂ" ਸ਼ਬਦ ਬੋਲਿਆ ਹੀ ਨਹੀਂ ਗਿਆ

ਨਵੀਂ ਦਿੱਲੀ, 9 ਜਨਵਰੀ (ਮਨਪ੍ਰੀਤ ਸਿੰਘ ਖਾਲਸਾ): ਜਲੰਧਰ ਪੁਲਿਸ ਕਮਿਸ਼ਨਰੇਟ ਦੇ ਬੁਲਾਰੇ ਨੇ ਦੱਸਿਆ ਕਿ ਸ੍ਰੀ ਇਕਬਾਲ ਸਿੰਘ ਦੀ ਸ਼ਿਕਾਇਤ 'ਤੇ



ਦਿੱਲੀ ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਨੇਤਾ ਅਤੇ ਐਮ.ਐਲ.ਏ. ਸ੍ਰੀਮਤੀ ਆਤਿਸ਼ੀ ਦੀ ਇੱਕ ਵੀਡੀਓ ਨੂੰ ਤੇੜ-ਮਰੋੜ ਕੇ ਅਤੇ ਤਕਨਾਲੋਜੀ ਨਾਲ ਬਦਲ ਕੇ ਗਲਤ ਢੰਗ ਨਾਲ ਅਪਲੋਡ ਅਤੇ ਪ੍ਰਸਾਰਿਤ ਕਰਨ ਨਾਲ ਸਬੰਧਤ ਮਾਮਲੇ ਵਿੱਚ ਐਫਆਈਆਰ ਦਰਜ ਕੀਤੀ ਗਈ ਹੈ। ਦੱਸਣਯੋਗ ਹੈ ਕਿ ਦਿੱਲੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਨੂੰ ਗੁਰੂਆਂ ਵਿਰੁੱਧ ਕਥਿਤ ਤੌਰ 'ਤੇ ਅਪਮਾਨਜਨਕ ਅਤੇ ਨਿੰਦਿਆ ਭਰੀਆਂ ਟਿੱਪਣੀਆਂ ਕਰਦੇ ਹੋਏ ਦਿਖਾਉਂਦਿਆਂ ਭੜਕਾਊ ਸੁਰਖੀਆਂ ਦੇ ਨਾਲ ਇੱਕ ਛੋਟੀ ਵੀਡੀਓ ਕਲਿੱਪ ਵਾਲੀਆਂ ਕਈ ਪੋਸਟਾਂ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਅਪਲੋਡ ਪ੍ਰਸਾਰਿਤ ਕੀਤੀਆਂ ਗਈਆਂ ਹਨ। ਬੁਲਾਰੇ ਨੇ ਅੱਗੇ ਕਿਹਾ ਕਿ ਇਸ ਵੀਡੀਓ ਕਲਿੱਪ ਦੀ ਜਾਂਚ ਵਿਗਿਆਨਕ ਢੰਗ ਨਾਲ ਕੀਤੀ ਗਈ ਹੈ ਅਤੇ ਸ੍ਰੀਮਤੀ ਆਤਿਸ਼ੀ ਦੀ ਆਡੀਓ ਵਾਲੀ ਇਹ ਵੀਡੀਓ ਕਲਿੱਪ ਸ੍ਰੀ ਕਪਿਲ ਮਿਸ਼ਰਾ ਦੇ ਸੋਸ਼ਲ ਮੀਡੀਆ ਐਕਸ ਪਲੇਟਫਾਰਮ ਤੋਂ ਡਾਊਨਲੋਡ ਕਰਕੇ ਫੋਰੈਂਸਿਕ ਜਾਂਚ ਲਈ ਡਾਇਰੈਕਟਰ, ਫੋਰੈਂਸਿਕ ਸਾਇੰਸ ਲੈਬਾਰਟਰੀ, ਪੰਜਾਬ, ਐਸਏਐਸ ਨਗਰ ਨੂੰ ਭੇਜੀ ਗਈ ਸੀ। ਦੱਸਣਯੋਗ ਹੈ ਕਿ ਇਸ ਵੀਡੀਓ ਦੀ ਫੋਰੈਂਸਿਕ ਰਿਪੋਰਟ 09-01-2026 ਦੇ ਅਨੁਸਾਰ ਇਹ ਸਾਹਮਣੇ ਆਇਆ ਹੈ ਕਿ ਸ੍ਰੀਮਤੀ ਆਤਿਸ਼ੀ ਦੁਆਰਾ ਆਪਣੀ ਆਡੀਓ ਵਿੱਚ ਕਿਤੇ ਵੀ "ਗੁਰੂ" ਸ਼ਬਦ ਨਹੀਂ ਬੋਲਿਆ ਗਿਆ ਜਿਵੇਂ ਕਿ ਸੋਸ਼ਲ ਮੀਡੀਆ 'ਤੇ ਪ੍ਰਸਾਰਿਤ ਕੀਤੇ ਜਾ ਰਹੇ ਵੀਡੀਓ ਕਲਿੱਪਾਂ ਵਿੱਚ ਦਿਖਾਇਆ ਜਾ ਰਿਹਾ ਹੈ। ਅਸਲ ਵਿੱਚ ਇਸ ਵੀਡੀਓ ਨਾਲ ਛੇੜ-ਛਾੜ ਕਰਕੇ ਇਸਨੂੰ ਤਕਨਾਲੋਜੀ ਨਾਲ ਤੋੜ ਮਰੋੜ ਕੇ ਅਪਲੋਡ ਕੀਤਾ ਗਿਆ ਹੈ, ਜਿਸ ਵਿੱਚ ਅਜਿਹੇ ਕੁਝ ਸ਼ਬਦ ਸ਼ਾਮਲ ਕੀਤੇ ਗਏ ਹਨ ਜੋ ਸ੍ਰੀਮਤੀ ਆਤਿਸ਼ੀ ਦੁਆਰਾ ਬੋਲੇ ਹੀ ਨਹੀਂ ਗਏ।




## ਸ਼ਹੀਦਾਂ ਦੀ ਯਾਦ 'ਚ ਅਤੇ ਭਲਵਾਨਾਂ ਦੀ ਚੜ੍ਹਦੀ ਕਲਾ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਇੰਗਲੈਂਡ ਨਿਵਾਸੀ ਸ. ਜੋਗਿੰਦਰ ਸਿੰਘ ਢੰਡੋਵਾਲ ਦੇ ਪਰਿਵਾਰ ਵੱਲੋਂ ਹੋਵੇਗੀ।

ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਆਰੰਭਤਾ 12 ਜਨਵਰੀ, 2026 (ਦਿਨ ਸੋਮਵਾਰ) ਸਵੇਰੇ 10.00 ਵਜੇ ਨੂੰ ਹੋਵੇਗੀ, ਜਿਨ੍ਹਾਂ ਦੇ ਭੋਗ 14 ਜਨਵਰੀ, 2026 (ਦਿਨ ਬੁੱਧਵਾਰ) ਨੂੰ ਸਵੇਰੇ 10.00 ਵਜੇ ਪਾਏ ਜਾਣਗੇ। ਅਰਦਾਸ ਉਪਰੰਤ ਦੀਵਾਨ ਸਜਣਗੇ, ਜਿਸ ਦੌਰਾਨ ਪੰਥ ਪ੍ਰਸਿੱਧ ਰਾਗੀ-ਢਾਡੀ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਛਿੰਝ ਦੌਰਾਨ ਭਲਵਾਨ ਆਪਣੀ ਭਲਵਾਨੀ ਦੇ ਜੌਹਰ ਦਿਖਾਉਣਗੇ।

ਛਿੰਝ ਮੇਲੇ ਦਾ ਲਾਈਵ ਪ੍ਰਸਾਰਣ ਆਵਾਜ਼ਿ ਕੌਮ AWAZE QAUM WEB TV 'ਤੇ ਦੇਖਿਆ ਜਾ ਸਕਦਾ ਹੈ।

**ਸਮੂਹ ਇਲਾਕਾਵਸੀਆਂ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਜੀ**

**ਵੱਲੋਂ: ਸਮੂਹ ਨਗਰ ਨਿਵਾਸੀ ਪਿੰਡ ਢੰਡੋਵਾਲ, ਸ਼ਾਹਕੋਟ (ਜਲੰਧਰ)**

ਸੰਪਰਕ: (ਨਛੱਤਰ ਸਿੰਘ ਸੱਤੀ) 98151-02950, 82840-32366 (ਬਲਿਹਾਰ ਸਿੰਘ ਨੰਬਰਦਾਰ), (ਜੀਤ ਸਿੰਘ) 92573-40139

**ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।**

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਦਮਦਮੀ ਟਕਸਾਲ

ਨਾਮ ਜਪੋ
ਕਿਰਤ ਕਰੋ
ਵੰਡ ਛੱਕੋ

Naam Japo
Kirat Karo
Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.

Publisher/Chief Editor
***Raghbir Singh Walsal***
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7l
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


# ਸੰਤ ਗਿਆਨੀ ਗੁਰਬਚਨ ਸਿੰਘ ਜੀ

# ਖਾਲਸਾ ਮੈਮੋਰੀਅਲ ਹਸਪਤਾਲ



**ਇੱਥੇ ਹਰ ਸ਼ਨੀਵਾਰ ਅੱਖਾਂ ਦੇ ਫ੍ਰੀ ਆਪ੍ਰੇਸ਼ਨ ਕੀਤੇ ਜਾਂਦੇ ਹਨ।**

+91 98767-50784 +91 98767-50784

ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ

**ਮਹਿਤਾ ਚੌਂਕ, ਅੰਮ੍ਰਿਤਸਰ**


ਸਾਂਝਾ ਪੰਜਾਬ
VEG & NON-VEG INDIAN
WE CATER FOR
★★★★★
Birthday
Weddings
Parties
All Other Occasions
SANJHA PUNJAB
VEG & NON-VEG INDIAN
TAKE AWAY MENU
0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com
SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com
ALLERGY ADVICE !!
Please ask a member of staff if you have any food intolerance or allergies.
ਆਵਾਜ਼ ਕੌਮ
AWAZE QAUM
International Newspaper & WEB TV




# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- CLEANING
- ROOT CANALS
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

**DR. KAMALJIT SAROA**
B.D.S., Dental Surgeon
Moti Nagar, Near Railway Crossing, Maqsudan
Jalandhar-144 008

**Contact :**
98150-83338
70879-59639



ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'

# ਕੌਮ ਦੇ ਹੀਰੇ



ਸ਼ਹੀਦ ਭਾਈ ਕੇਹਰ ਸਿੰਘ ਜੀ



ਸ਼ਹੀਦ ਭਾਈ ਬੇਅੰਤ ਸਿੰਘ ਜੀ



ਸ਼ਹੀਦ ਭਾਈ ਸਤਵੰਤ ਸਿੰਘ ਜੀ

## ਦੇ ਸ਼ਹੀਦੀ ਸਮਾਗਮ ਨੂੰ ਸਮਰਪਿਤ ਕੀਰਤਨ ਦਰਬਾਰ ਅਤੇ ਢਾਡੀ ਦਰਬਾਰ

ਪਿੰਡ ਮੁਸਤਫ਼ਾਬਾਦ, ਜਿਲ੍ਹਾਂ ਸ਼੍ਰੀ ਫਤਹਿਗੜ੍ਹ ਸਾਹਿਬ ( ਪੰਜਾਬ ) ਵਿਖੇ ਕਰਵਾਇਆ ਜਾ ਰਿਹਾ ਹੈ। ਸੰਗਤਾਂ ਨੂੰ ਬੇਨਤੀ ਹੈ ਕਿ ਇਸ ਕੀਰਤਨ ਸਮਾਗਮ ਵਿੱਚ ਹੁੰਮਹੁਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

## ਪ੍ਰੋਗਰਾਮ: 11 ਜਨਵਰੀ 2026 ਦਿਨ ਐਤਵਾਰ

* 10 ਵਜੇ ਪਾਠ ਸ਼੍ਰੀ ਸੁੱਖਮਨੀ ਸਾਹਿਬ ਜੀ
* ਉਪਰੰਤ ਕੀਰਤਨ ਸਮਾਗਮ ਅਤੇ ਢਾਡੀ ਦਰਬਾਰ
* 12 ਤੋਂ 1 ਵਜੇ ਤੱਕ ਸ਼ਹੀਦ ਸਿੰਘਾ ਜੀ ਦੇ ਜੀਵਨ ਅਤੇ ਸੰਘਰਸ਼ ਸਬੰਧੀ ਵਿਸ਼ੇਸ ਵਿਚਾਰਾ ਕੀਤੀਆਂ ਜਾਣਗੀਆਂ
* ਉਪਰੰਤ ਅਰਦਾਸ ਅਤੇ ਸਮਾਪਤੀ

ਗੁਰੂ ਕਾ ਲੰਗਰ ਅਤੁੱਟ ਵਰਤੇਗਾ। :

ਆਵਾਜ਼ਿ ਕੌਮ AWAZE QAUM International Newspaper & WEB TV



ਬੇਨਤੀ ਕਰਤਾ: ਭਾਈ ਸਤਵੰਤ ਸਿੰਘ ( ਸਪੁੱਤਰ ਸ਼ਹੀਦ ਭਾਈ ਕੇਹਰ ਸਿੰਘ ਜੀ )

ਸਮੂੰਹ ਸ਼ਹੀਦ ਪਰਿਵਾਰ ,ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀ ਅਤੇ ਇਲਾਕਾ ਨਿਵਾਸੀ 98103-84682




# ਚਿੰਤਾ ਅਤੇ ਮਨ ਮਤ

ਅਜੋਕੇ ਪਦਾਰਥਵਾਦ ਦੇ ਯੁੱਗ ਵਿੱਚ ਮਨੁੱਖ ਸਦੈਵ ਆਪਣੇ ਆਪ ਨੂੰ ਦੁਨਿਆਵੀ ਚਿੰਤਾਵਾਂ ਵਿੱਚ ਕੈਦ ਮਹਿਸੂਸ ਕਰਦਾ ਹੈ। ਇਹ ਚਿੰਤਾਵਾਂ ਸਰੀਰਿਕ ਕਸ਼ਟ ਦੇ ਨਾਲ ਨਾਲ ਮਾਨਸਿਕ ਪੀੜਾ ਵੀ ਵੱਧਾਉਂਦੀਆਂ ਹਨ। ਇਸ ਸਬੰਧੀ ਪਰਮ ਸਤਿਕਾਰਯੋਗ ਗੁਰਬਾਣੀ ਮਨੁੱਖ ਨੂੰ ਸਟੀਕ ਸੇਧ ਪ੍ਰਦਾਨ ਕਰਦੀ ਹੈ। ਸਤਿਕਾਰਯੋਗ ਗੁਰਬਾਣੀ ਵਿੱਚ ਦਰਜ ਹੈ ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥ ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥ ਉਪਰੋਕਤ ਸ਼ਬਦ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 955 ਉੱਪਰ ਅੰਕਿਤ ਹੈ। ਇਹ ਸ਼ਬਦ ਸਿੱਖ ਧਰਮ ਦੀਆਂ ਸਭ ਤੋਂ ਡੂੰਘੀਆਂ ਤੇ ਮਹੱਤਵਪੂਰਨ ਸਿੱਖਿਆਵਾਂ ਪ੍ਰਦਾਨ ਕਰਦਾ ਹੈ। ਗੁਰਬਾਣੀ ਦਾ ਉਪਰੋਕਤ ਸ਼ਬਦ ਜੀਵਨ ਦੀ ਸੋਚ, ਦ੍ਰਿਸ਼ਟੀਕੋਣ ਅਤੇ ਜੀਵਨ ਜੀਉਣ ਦਾ ਤਰੀਕਾ ਹੈ। ਇਸ ਸ਼ਬਦ ਵਿੱਚ ਗੁਰੂ ਸਾਹਿਬ

ਆਵਾਜ਼ਿ ਕੌਮ
AWAZE QAUM
International Newspaper & WEB TV

ਮਨੁੱਖਾਂ ਨੂੰ ਸਮਝਾ ਰਹੇ ਹਨ ਕਿ ਉਸ ਨੂੰ ਵਿਅਰਥ ਦੀ ਚਿੰਤਾ ਛੱਡ ਦੇਣੀ ਚਾਹੀਦੀ ਹੈ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜੋ ਸੰਸਾਰ ਦਾ ਰਚਨਹਾਰ ਹੈ ਚਿੰਤਾ ਕਰਨੀ ਉਸ ਦਾ ਕਾਰਜ ਨਾ ਕੀ ਮਨੁੱਖ ਦਾ। ਸੁੱਖਾਂ ਦੀ ਮਣੀ ਸ੍ਰੀ ਸੁਖਮਨੀ ਸਾਹਿਬ ਵਿੱਚ ਗੁਰੂ ਅਰਜੁਨ ਦੇਵ ਸਾਹਿਬ ਫਰਮਾਉਂਦੇ ਹਨ ਕਿ ਕਰਨ ਕਰਾਵਨ ਆਪੇ ਆਪਿ ।। ਸਦਾ ਸਦਾ ਨਾਨਕ ਹਰਿ ਜਾਪਿ।। ਗੁਰੂ ਨਾਨਕ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਚਿੰਤਾ ਕਰਨੀ ਇਨਸਾਨ ਦੇ ਅਧਿਕਾਰ ਖੇਤਰ ਦਾ ਹਿੱਸਾ ਨਹੀਂ ਕਿਉਂਕਿ ਇਨਸਾਨ ਕਿਸੇ ਵੀ ਚੀਜ਼ ਦਾ ਰਚੇਤਾ ਨਹੀਂ ਅਤੇ ਨਾ ਹੀ ਉਹ ਪ੍ਰਭੂ ਦੀ ਆਗਿਆ ਤੋਂ ਬਿਨਾਂ ਕੋਈ ਕਾਰਜ ਉਲੀਕ, ਆਰੰਭ ਜਾਂ ਸਮਾਪਤ ਕਰ ਸਕਦਾ ਹੈ। ਜਿਸ ਪ੍ਰਭੂ ਨੇ ਸਮੁੱਚੇ ਜਗਤ ਦੇ ਵਿੱਚ ਜੀਵਾਂ ਨੂੰ ਪ੍ਰਾਣਾਂ ਦੀ ਦਾਤ ਬਖਸ਼ਿਸ਼ ਕੀਤੀ ਹੈ ਜੋ ਉਹਨਾਂ ਜੀਵਾਂ ਨੂੰ ਹਰ ਤਰ੍ਹਾਂ ਦੇ ਵਾਤਾਵਰਨ ਵਿੱਚ ਰਿਜ਼ਕ ਪ੍ਰਦਾਨ ਕਰਦਾ ਹੈ ਉਹੀ ਅਕਾਲ ਪੁਰਖ ਸਭ ਦੀ ਚਿੰਤਾ ਦਾ ਅਸਲ ਹੱਕਦਾਰ ਹੈ। ਇਨਸਾਨ ਨੂੰ ਵਿਅਰਥ ਦੀ ਚਿੰਤਾ ਦਾ ਕਾਰਜ ਛੱਡ ਕੇ ਸਿਰਫ ਆਪਣਾ ਕਰਮ ਕਰਨਾ, ਸਬਰ ਸੰਤੋਖ ਨਾਲ ਸਾਫ਼ ਸੁਥਰਾ ਜੀਵਨ ਜੀਉਣਾ ਹੈ। ਪਦਾਰਥਵਾਦੀ ਸੰਸਾਰ ਦੇ ਵਿੱਚ ਇਨਸਾਨ ਚਿੰਤਾਵਾਂ ਵਿੱਚ ਗ੍ਰਸਤ ਹੋਇਆ ਆਪਣੇ ਆਤਮਿਕ ਸੁੱਖ ਦੇ ਪੈਂਡੇ ਤੋਂ ਭਟਕ ਜਾਂਦਾ ਹੈ ਅਤੇ ਡਰ, ਚਿੰਤਾ ਤੇ ਬੇਚੈਨੀ ਭਰਿਆ ਜੀਵਨ ਬਤੀਤ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ।



ਅਸਲ ਚਿੰਤਾ ਕਿਸ ਦੀ ?

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥

ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥2॥14॥45॥

ਜਦੋਂ ਇਨਸਾਨ ਦੇ ਆਪਣੇ ਹੱਥ ਵੱਸ ਕੁਝ ਹੈ ਹੀ ਨਹੀਂ ਅਤੇ ਨਾ ਹੀ ਉਹ ਆਪਣੀ ਮਰਜ਼ੀ ਨਾਲ ਕੁਝ ਕਰ ਸਕਦਾ ਹੈ ਤਾਂ ਉਸ ਦੀ ਚਿੰਤਾ ਕਰਨੀ ਵਿਅਰਥ ਹੈ। ਅਕਾਲ ਪੁਰਖ ਸਮੁੱਚੀ ਕਾਇਨਾਤ ਦਾ ਰਚਨਹਾਰ ਹੈ ਅਤੇ ਪ੍ਰਭੂ ਦੀ ਆਗਿਆ ਨਾਲ ਹੀ ਉਹ ਸਾਰੀ ਕਾਇਨਾਤ ਨੂੰ ਪਾਲਦਾ ਹੈ। ਅਕਾਲ ਪੁਰਖ ਨੇ ਜੀਵਾਂ ਤੇ ਦਇਆ ਕਰਦਿਆਂ ਉਹਨਾਂ ਦੀ ਰੋਜ਼ੀ-ਰੋਟੀ ਦਾ ਬੰਦੋਬਸਤ ਆਪਣੇ ਹੁਕਮਾਂ ਮੁਤਾਬਕ ਕੀਤਾ ਹੋਇਆ ਹੈ। ਕੁਦਰਤ ਦੇ ਹੁਕਮ ਮੁਤਾਬਕ ਹੀ ਦਿਨ ਅਤੇ ਰਾਤ ਦਾ ਚੱਕਰ ਨਿਰੰਤਰ ਚੱਲ ਰਿਹਾ ਹੈ। ਸੰਸਾਰ ਦੀਆਂ ਸਮੁੱਚੀਆਂ ਰੁੱਤਾਂ ਵੀ ਉਸ ਦੇ ਹੁਕਮ ਮੁਤਾਬਕ ਹੀ ਆਪਣੀ ਚਾਲ ਚੱਲਦੀਆਂ ਹਨ। ਹਰ ਜੀਵ ਦੇ ਮਨ ਦੀ ਆਸ ਪੂਰੀ ਕਰਨ ਵਾਲਾ ਵੀ ਉਹ ਆਪ ਖੁਦ ਪ੍ਰਭੂ ਪਿਤਾ ਹੈ। ਇਨਸਾਨ ਅਕਸਰ ਆਪਣੀ ਹੱਦ ਤੋਂ ਵੱਧ ਸੋਚ ਕੇ ਥੱਕ ਹਾਰ ਕੇ ਹੰਭ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਸਾਨੂੰ ਸਮਝਾਉਂਦੇ ਹਨ ਕਿ ਜਦ ਰੱਬ ਨੇ ਸਾਨੂੰ ਰਚਿਆ ਹੈ ਤਾ ਫਿਰ ਉਹ ਸਾਡੀ ਸੰਭਾਲ ਕਰੇਗਾ।

ਮਾਨਸਿਕ ਤਣਾਅ ਦਾ ਇਲਾਜ

ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥ ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥1॥ ਅੱਜ ਲੋਕਾਂ ਨੂੰ ਡਰ,ਚਿੰਤਾ,ਤਣਾਅ ਅਤੇ ਫਿਕਰਾਂ ਨੇ ਘੇਰ ਲਿਆ ਹੈ। ਅੱਜ ਦੇ ਸੁਚੇਤ ਮਨੁੱਖ ਦੀ ਮੂਲ ਸਮੱਸਿਆ ਇਹ ਹੈ ਕਿ ਉਹ ਹਮੇਸ਼ਾ ਭੂਤ ਕਾਲ ਦੀ ਚਿੰਤਾਂ ਰੂਪੀ ਪਛਤਾਵੇ ਅਤੇ ਭਵਿੱਖ ਦੇ ਡਰ ਵਿੱਚ ਜੀਉਂਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਮਨੁੱਖਾਂ ਨੂੰ ਭਵਿੱਖ ਦੀ ਚਿੰਤਾ ਛੱਡ ਕੇ ਨੇਕ ਕਿਰਤ ਕਰਨੀ, ਉਸ ਪ੍ਰਭੂ ਪਿਤਾ ਦਾ ਨਾਮ ਜਪਣਾ ਅਤੇ ਵੰਡ ਕੇ ਛੱਕਣ ਨਾਲ ਹੀ ਉਸ ਨੂੰ ਆਤਮਿਕ ਸ਼ਾਂਤੀ ਪ੍ਰਦਾਨ ਕਰੇਗਾਂ।

ਵਿਸ਼ਵਾਸ ਅਤੇ ਸਮਰਪਣ

ਜਦੋਂ ਇਨਸਾਨ ਰੱਬ ਉੱਤੇ ਭਰੋਸਾ ਕਰਦਾ ਹੈ ਤਾਂ ਉਸ ਸਮੇਂ ਉਹ ਆਪਣੇ ਮਨ ਦੇ ਭਾਰ ਨੂੰ ਹੌਲਾ ਕਰ ਲੈਂਦਾ ਹੈ। ਹਰ ਕੰਮ ਦੀ ਚਿੰਤਾ ਛੱਡ ਕੇ ਨਾਮ ਜਪਣ ਨਾਲ ਮਨ ਵਿਚ ਹੌਸਲਾ ਆ ਜਾਂਦਾ ਹੈ। ਇਸ ਦੀ ਇੱਕ ਉਦਾਹਰਨ ਹੈ ਕਿ ਕਿਰਸਾਣ ਮਿੱਟੀ 'ਚ ਬੀਜ ਬੀਜਦਾ ਹੈ ਪਰ ਬੀਜ ਨੂੰ ਅੰਕੁਰਿਤ ਕਰਨ ਦੀ ਚਿੰਤਾ ਰੱਬ ਖੁਦ ਆਪ ਕਰਦਾ ਹੈ। ਪੰਛੀ ਦਾਣਾ ਖਾਂਦੇ ਹਨ ਪਰ ਉਨ੍ਹਾਂ ਦੇ ਲਈ ਦਾਣਿਆਂ ਦਾ ਪ੍ਰਬੰਧ ਰੱਬ ਕਰਦਾ ਹੈ। ਜੋ ਵਾਪਰ ਰਿਹਾ ਹੈ ਉਸ ਨੂੰ ਸਵੀਕਾਰ ਕਰਨ ਨਾਲ ਮਨੁੱਖ ਨੂੰ ਮਾਨਸਿਕ ਪੀੜਾਂ ਨੂੰ ਘੱਟ ਕਰਨ ਦੀ ਸਮਰੱਥਾ ਮਿਲਦੀ ਹੈ। ਨਾਮ ਜਪਣ ਨਾਲ ਹੀ ਮਨੁੱਖ ਦਾ ਮਨ ਸ਼ਾਂਤ ਰਹਿੰਦਾ ਹੈ। ਗੁਰੂ ਜੀ ਲੋਕਾਈ ਨੂੰ ਸਮਝਾਉਂਦੇ ਹਨ ਕਿ ਨਾਮ ਜਪੋ ਤੇ ਚਿੰਤਾ ਆਪਣੇ ਆਪ ਦੂਰ ਹੋ ਜਾਏਗੀ।

ਕਿਵੇਂ ਲਾਗੂ ਕਰੀਏ ਇਸ ਸਿੱਖਿਆ ਨੂੰ ?

ਰੋਜ਼ਾਨਾ ਸਿਮਰਨ ਕਰੀਏ

ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ ॥

ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ ॥

ਰੋਜ਼ਾਨਾ ਗੁਰੂ ਜੀ ਦੀ ਬਾਣੀ ਦਾ ਪਾਠ, ਸਿਮਰਨ ਕਰਨ ਤੇ ਨਾਮ ਜਪਣ ਨਾਲ ਦਿਲ ਨੂੰ ਸ਼ਾਂਤੀ ਮਿਲਦੀ ਹੈ। ਇਹ ਦਿਲੋਂ ਡਰ, ਚਿੰਤਾ ਅਤੇ ਤਣਾਓ ਦੀਆਂ ਜੜ੍ਹਾਂ ਕੱਟਦਾ ਹੈ।

ਨੇਕ ਨੀਤੀ ਨਾਲ ਕਰਮ ਕਰੀਏ

ਜੇ ਤੁਸੀਂ ਆਪਣਾ ਕੰਮ ਇਮਾਨਦਾਰੀ ਨਾਲ ਕਰਦੇ ਹੋ ਤਾਂ ਨਤੀਜੇ ਦੀ ਚਿੰਤਾ ਤੁਹਾਡੀ ਨਹੀ ਬਲਕਿ ਤਿੰਨਾਂ ਲੋਕਾਂ ਦੇ ਮਾਲਕ ਉਸ ਪਿਤਾ ਦੀ ਜ਼ਿੰਮੇਵਾਰੀ ਹੈ।

ਵਿਸ਼ਵਾਸ ਰੱਖੀਏ

ਕਈ ਵਾਰੀ ਜ਼ਿੰਦਗੀ ਵਿੱਚ ਹਾਲਾਤ ਥੋੜ੍ਹੀ ਦੇਰ ਲਈ ਖ਼ਰਾਬ ਹੋ ਸਕਦੇ ਹਨ ਪਰ ਦਿਲ ਵਿੱਚ ਇਹ ਯਕੀਨ ਰੱਖੋ ਕਿ ਹਰ ਰਾਤ ਤੋਂ ਬਾਅਦ ਸਵੇਰ ਆਉਂਦੀ ਹੈ।

ਮਨ ਨੂੰ ਪ੍ਰਸੰਨ ਰੱਖਣ ਦੀ ਕੋਸ਼ਿਸ਼ ਕਰੀਏ

ਨਚਣੁ ਕੁਦਣੁ ਮਨ ਕਾ ਚਾਉ ॥

ਨਾਨਕ ਜਿਨ੍ਹ ਮਨਿ ਭਉ ਤਿਨ੍ਹਾ ਮਨਿ ਭਾਉ ॥2॥

ਸਤਿਗੁਰੂ ਸਮਝਾਉਂਦੇ ਹਨ ਕਿ ਨੱਚਣਾ ਅਤੇ ਕੁੱਦਣਾ ਕੇਵਲ ਮਨ ਦਾ ਇੱਕ ਚਾਅ ਹੈ ਅਤੇ ਜਿੰਨਾ ਮਨੁੱਖਾਂ ਦੇ ਮਨ ਅੰਦਰ ਅਕਾਲ ਪੁਰਖ ਦਾ ਭਉ ਹੈ ਉਹਨਾਂ ਅੰਦਰ ਹੀ ਆਤਮਿਕ ਚਾਅ ਪੈਦਾ ਹੁੰਦਾ ਹੈ। ਉਸ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਮਨੁੱਖ ਨੂੰ ਸਦੈਵ ਉਸ ਦੀਆਂ ਬਖਸ਼ੀਆਂ ਦਾਤਾਂ ਦੀ ਕਦਰ ਕਰਨਾ ਅਤੇ ਛੋਟੀਆਂ ਵੱਡੀਆਂ ਖ਼ੁੱਸ਼ੀਆਂ ਵਿੱਚ ਖ਼ੁੱਸ਼ ਰਹਿਣਾ ਚਾਹੀਦਾ ਹੈ। ਇਹ ਸਭ ਚਿੰਤਾ ਦੂਰ ਕਰਨ ਦੇ ਅਸਲ ਤੇ ਅਚੂਕ ਹਥਿਆਰ ਹਨ।

ਭੁੱਲ ਚੁੱਕ ਦੀ ਮੁਆਫੀ

**ਦਾਸ ਡਾ. ਸੁਰਿੰਦਰਪਾਲ ਸਿੰਘ,**
**ਸ੍ਰੀ ਅੰਮ੍ਰਿਤਸਰ ਸਾਹਿਬ ਪੰਜਾਬ।**

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

# ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ



ਆਵਾਜ਼ਿ ਕੌਮ AWAZE QAUM International Newspaper & WEB TV

## ਸਵ. ਬੀਬੀ ਕਸ਼ਮੀਰ ਕੌਰ

ਬੀਬੀ ਕਸ਼ਮੀਰ ਕੌਰ (ਸੁਪਤਨੀ- ਸ. ਨਿਰਵੈਰ ਸਿੰਘ ਅਰਸ਼ੀ ਅਤੇ ਮਾਤਾ- ਭਾਈ ਨੌਨਿਹਾਲ ਸਿੰਘ (ਹਜ਼ੂਰੀ ਰਾਗੀ: ਤਖ਼ਤ ਸ੍ਰੀ ਕੇਸਗੜ੍ਹ ਸਾਹਿਬ), ਪ੍ਰੋ. ਮਨਪ੍ਰੀਤ ਸਿੰਘ ਅਤੇ ਸਤਨਾਮ ਕੌਰ ਡੀ. ਪੀ. ਈ. ਮੁਕਤਸਰ, ਜੋ ਪਰਮੇਸ਼ਰ ਵੱਲੋਂ ਬਖਸ਼ੀ ਹੋਈ ਆਯੂ ਨੂੰ ਸਫ਼ਲਤਾ ਸਹਿਤ ਭੋਗ ਕੇ, ਮਿਤੀ 1 ਜਨਵਰੀ 2026 ਨੂੰ ਅਕਾਲ ਚਲਾਣਾ ਕਰ ਗਏ ਸਨ, ਦੀ ਆਤਮਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਸਹਿਜ ਪਾਠ ਦੇ ਭੋਗ ਮਿਤੀ 10 ਜਨਵਰੀ, 2026, ਦਿਨ ਸ਼ਨਿੱਚਰਵਾਰ ਨੂੰ ਸਵੇਰੇ 11 ਤੋਂ 1 ਵਜੇ ਤੱਕ (ਸ੍ਰੀ ਅਨੰਦਪੁਰ ਸਾਹਿਬ - ਸ੍ਰੀ ਕੀਰਤਪੁਰ ਸਾਹਿਬ ਰੋਡ ਉੱਤੇ ਸਥਿਤ) ਸਾਡੇ ਗ੍ਰਹਿ 'ਅਰਸ਼ੀ ਨਿਵਾਸ', ਨਜ਼ਦੀਕ ਕੋਹਲੀ ਹਸਪਤਾਲ ਅਤੇ ਅਨੰਦ ਪੈਲੇਸ, ਨਿੱਕੂਵਾਲ ਮੋੜ ਵਿਖੇ ਪਾਏ ਜਾਣਗੇ। ਅੰਤਮ ਅਰਦਾਸ ਵਿਚ ਸ਼ਾਮਲ ਹੋਣ ਦੀ ਕਿਰਪਾਲਤਾ ਕਰਨੀ ਜੀ।

--★ ਗੁਰੂ ਦੇ ਭਾਣੇ ਵਿੱਚ ★--

ਨਿਰਵੈਰ ਸਿੰਘ ਅਰਸ਼ੀ: 9888636413

ਭਾਈ ਨੌਨਿਹਾਲ ਸਿੰਘ: 9779170001

ਪ੍ਰੋ. ਮਨਪ੍ਰੀਤ ਸਿੰਘ: 9878988375




# ਕੈਨੇਡੀਅਨ ਸਿੱਖਾਂ ਦਾ ਪ੍ਰੀਮੀਅਰ ਡੇਵਿਡ ਏਬੀ ਦੀ ਭਾਰਤ ਫੇਰੀ ਦੇ ਖਿਲਾਫ ਭਾਰੀ ਰੋਸ ਪ੍ਰਦਰਸ਼ਨ







ਨਵੀਂ ਦਿੱਲੀ 9 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਬੀ. ਸੀ. ਦੇ ਪ੍ਰੀਮੀਅਰ ਡੇਵਿਡ ਏਬੀ ਦੀ ਭਾਰਤ ਦੀ ਵਪਾਰਿਕ ਫੇਰੀ ਨੂੰ ਲੈਕੇ ਕੈਨੇਡਾ ਵਿੱਚ ਵੱਸਦੇ ਸਿੱਖਾਂ ਵਿੱਚ ਭਾਰੀ ਰੋਸ ਹੈ ਅਤੇ ਕੈਨੇਡਾ ਦੀਆਂ ਸਿੱਖ ਖਾਲਿਸਤਾਨੀ ਜਥੇਬੰਦੀਆਂ ਨੇ ਵਿਕਟੋਰੀਆ ਰਾਜਧਾਨੀ ਵਿਖੇ ਪ੍ਰੀਮੀਅਰ

ਆਵਾਜ਼ਿ ਕੌਮ AWAZE QAUM International Newspaper & WEB TV

ਆਫਿਸ ਦੇ ਬਾਹਰ ਭਾਰੀ ਰੋਸ ਮੁਜਾਹਿਰਾ ਕੀਤਾ ।ਦੱਸਣਯੋਗ ਹੈ ਕਿ ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਭਾਈ ਹਰਦੀਪ ਸਿੰਘ ਦੀ ਸ਼ਹੀਦੀ ਅਤੇ ਹੋ ਰਹੇ ਕਤਲ, ਫਿਰੌਤੀਆਂ ਅਤੇ ਮਨੁੱਖੀ ਘਾਣਾਂ ਦੀ ਜੁੰਮੇਵਾਰ ਭਾਰਤ ਦੀ ਸਰਕਾਰ ਹੈ ਅਤੇ ਇਸ ਨੂੰ ਛਿੱਕੇ ਟੰਗ ਕੇ ਭਾਰਤ ਨਾਲ ਵਪਾਰਿਕ ਸਾਂਝਾਂ ਬਣਾਉਣੀਆਂ ਅਤੇ ਰਿਸ਼ਤੇ ਸੁਧਾਰਨੇ ਸਿੱਖਾਂ ਨਾਲ ਧ੍ਰੋਹ ਹੈ ਇਸ ਨਾਲ ਕੈਨੇਡਾ ਦੀ ਅਜ਼ਾਦੀ ਨੂੰ ਵੀ ਖ਼ਤਰਾ ਹੈ ।ਉਨ੍ਹਾਂ ਕਿਹਾ ਟ੍ਰਾਂਸਨੇਸ਼ਨਲ ਰਿਪ੍ਰੈਸ਼ਨ ਨਾਲ ਬੰਦੇ ਮਾਰਨੇ, ਫਿਰੌਤੀਆਂ ਲੈਣੀਆਂ ਅਤੇ ਪਰਿਵਾਰਾਂ ਨੂੰ ਤੰਗ ਕਰਨਾ ਭਾਰਤ ਦੀ ਜ਼ਾਲਮੀ ਹਕੂਮਤ ਦਾ ਅੱਜ ਦਾ ਢੰਗ ਹੈ ਜਿਸ ਨੂੰ ਕੈਨੇਡਾ ਦੀ ਸਰਕਾਰ ਅਣਦੇਖਾ ਕਰ ਰਹੀ ਹੈ । ਇਸ ਮੌਕੇ ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਗੁਰਮੀਤ ਸਿੰਘ ਤੂਰ ਨੇ ਕਿਹਾ ਕਿ ਭਾਈ ਹਰਦੀਪ ਸਿੰਘ ਦੇ ਕੀਤੇ ਗਏ

## ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹੀਦੀ ਅਤੇ ਹੋਰ ਮਨੁੱਖੀ ਘਾਣਾਂ ਦੇ ਬਾਵਜੂਦ ਟ੍ਰੇਡ ਅਤੇ ਵਪਾਰਿਕ ਸਮਝੌਤਿਆਂ ਨੂੰ ਤਵੱਜੋਂ ਦੇਣੀ ਸਿੱਖਾਂ ਨਾਲ ਧ੍ਰੋਹ- ਟੀਮ ਨਿੱਝਰ

ਕਤਲ ਦੇ ਇਨਸਾਫ਼ ਤੱਕ ਹਰ ਤਰਾਂ ਨਾਲ ਸੰਘਰਸ਼ ਜਾਰੀ ਰੱਖਾਂਗੇ ਅਤੇ ਅਖੀਰਲੇ ਦਮ ਤੱਕ ਲੜਾਂਗੇ। ਕੈਨੇਡਾ ਵਿਚ ਹੋ ਰਹੇ ਘਾਣ ਦੀ ਜ਼ਿੰਮੇਵਾਰ ਭਾਰਤ ਦੀ ਸਰਕਾਰ ਹੈ ਅਤੇ ਇਸ ਤੋਂ ਇਲਾਵਾ ਯਾ ਬਿਨਾ ਕਿਸੇ ਅਕਾਊਂਟੇਬਿਲਿਟੀ ਦੇ ਰਿਸ਼ਤੇ ਸੁਧਾਰਨੇ ਲੋਕ ਹਿੱਤ ਵਿਚ ਨਹੀਂ ਹੈ । ਇਸ ਮੌਕੇ ਭਾਈ ਨਰਿੰਦਰ ਸਿੰਘ ਰੰਧਾਵਾ ਅਤੇ ਜੈਗ ਸਿੱਧੂ ਨੇ ਕਿਹਾ ਕਿ ਜੇਕਰ ਤੁਸੀਂ ਭਾਰਤ ਨਾਲ ਬਿਨਾਂ ਜਵਾਬਦੇਹੀ, ਬਿਨਾਂ ਕਿਸੇ ਜਵਾਬ ਦੇ, ਬਿਨਾਂ ਕਿਸੇ ਕੈਨੇਡੀਅਨ ਨਾਗਰਿਕ ਲਈ ਇਨਸਾਫ਼ ਦੇ ਸੌਦਾ ਕਰਨ ਜਾ ਰਹੇ ਹੋ, ਤਾਂ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਅਹੁਦਾ ਛੱਡ ਦਿਓ ।ਸਰੀ ਦੇ ਐਨਡੀਪੀ ਵਿਧਾਇਕਾਂ - ਜਿਨ੍ਹਾਂ ਵਿੱਚੋਂ ਚਾਰ ਹਨ - ਨੂੰ ਈਬੀ ਦੀ ਭਾਰਤ ਯਾਤਰਾ ਦੀ ਨਿੰਦਾ ਕਰਨ ਲਈ ਕਿਹਾ, ਚੇਤਾਵਨੀ ਦਿੱਤੀ ਕਿ ਨਹੀਂ ਤਾਂ ਸਿੱਖ ਕਾਰਕੁੰਨ ਉਨ੍ਹਾਂ ਨੂੰ ਹਟਾਉਣ ਲਈ ਕੰਮ ਕਰਨਗੇ ।ਸਟੈਟਿਸਟਿਕਸ ਕੈਨੇਡਾ ਦੇ ਤਾਜ਼ਾ ਅੰਕੜੇ ਦਰਸਾਉਂਦੇ ਹਨ ਕਿ 2021 ਦੀ ਮਰਦਮਸ਼ੁਮਾਰੀ ਦੇ ਸਮੇਂ ਬੀਸੀ ਵਿੱਚ 2 ਲੱਖ 90 ਹਜਾਰ ਤੋਂ ਵੱਧ ਸਿੱਖ ਰਹਿ ਰਹੇ ਸਨ, ਜਿਨ੍ਹਾਂ ਵਿੱਚੋਂ ਲਗਭਗ 1ਲੱਖ 55 ਹਜਾਰ ਸਰੀ ਵਿੱਚ ਸਨ। ਤੁਸੀਂ ਅਗਲੀਆਂ ਚੋਣਾਂ ਵਿੱਚ ਈਬੀ ਤੋਂ ਸਬਕ ਸਿੱਖੋਗੇ, ਅਤੇ ਤੁਹਾਡੇ ਵਿਧਾਇਕ ਵੀ ਸਿੱਖਣਗੇ । ਇਸ ਮੁਜਾਹਿਰੇ ਵਿਚ ਖਾਲਿਸਤਾਨ ਜ਼ਿੰਦਾਬਾਦ ਨੇ ਨਾਅਰੇ ਲਗਾਏ ਗਏ ਅਤੇ ਭਾਰਤ ਦੇ ਝੰਡੇ ਦੀ ਬੇਹੁਰਮਤੀ ਕੀਤੀ ਗਈ ।ਇਸ ਪ੍ਰਦਰਸ਼ਨ ਵਿਚ ਭਾਈ ਗੁਰਮੀਤ ਸਿੰਘ ਤੁਰ, ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਮਨਜਿੰਦਰ ਸਿੰਘ ਖਾਲਸਾ, ਕਰਨੈਲ ਸਿੰਘ ਟੁੱਟ, ਭਾਈ ਰਣਜੀਤ ਸਿੰਘ, ਭਾਈ ਸੁਖਬੀਰ ਸਿੰਘ ਕਰਮੀਸ ਵਾਲੇ, ਭਾਈ ਰਜਿੰਦਰ ਨੱਤ ਸਿੰਘ, ਭਾਈ ਜੈਗ ਸਿੱਧੂ ਭਾਈ ਦਲਜੀਤ ਸਿੰਘ, ਭਾਈ ਚਰਨਜੀਤ ਸਿੰਘ,ਭਾਈ ਅਜੈਪਾਲ ਸਿੰਘ ਸਮੇਤ ਵਡੀ ਗਿਣਤੀ ਵਿਚ ਸੰਗਤਾਂ ਹੋਰ ਹਾਜ਼ਿਰ ਸਨ ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਿਹ ॥

# ਗੁਰਦੁਆਰਾ ਬਾਬਾ ਸੰਗ ਜੀ ਹਾਈ ਸਟਰੀਟ ਸਮੈਦਿਕ ਬਰਮਿੰਘਮ ਇੰਗਲੈਂਡ

ਵਿਖੇ ਮਾਘੀ ਦੇ ਇਤਿਹਾਸਿਕ ਦਿਨ ਟੁੱਟੀ ਗੰਢੀ ਦਿਹਾੜੇ ਤੇ ਮੁਕਤਸਰ ਸਾਹਿਬ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਇੰਟਰਨੈਸ਼ਨਲ ਪੰਥਕ ਦਲ ਯੂ.ਕੇ. (ਬਾਨੀ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ) ਵੱਲੋਂ

# ਧਾਰਮਿਕ ਸ਼ਹੀਦੀ ਸਮਾਗਮ

## 18 ਜਨਵਰੀ, 2026 (ਦਿਨ ਐਤਵਾਰ)




### ਗੁਰੂ ਪਿਆਰੀ ਸਾਧ ਸੰਗਤ ਜੀਓ,

ਜਿਸ ਤਰ੍ਹਾਂ ਆਪ ਜੀ ਭਲੀ ਭਾਂਤ ਜਾਣਦੇ ਹੋ ਕਿ ਸਿੱਖ ਇਤਿਹਾਸ ਵਿੱਚ ਮੁਕਤਸਰ ਸਾਹਿਬ ਦੀ ਪਵਿੱਤਰ ਧਰਤੀ ਨੂੰ ਵਿਲੱਖਣ ਮਹੱਤਤਾ ਪ੍ਰਾਪਤ ਹੈ। ਇੱਥੇ ਭਾਈ ਮਹਾ ਸਿੰਘ ਜੀ ਦੀ ਅਗਵਾਈ ਹੇਠ ਉਹ ਸਿੰਘ, ਜੋ ਆਨੰਦਪੁਰ ਸਾਹਿਬ ਦੀ ਘੇਰਾਬੰਦੀ ਦੌਰਾਨ ਬੇਦਾਵਾ ਦੇ ਕੇ ਚਲੇ ਗਏ ਸਨ, ਮਾਤਾ ਭਾਗ ਕੌਰ ਜੀ ਦੀ ਪ੍ਰੇਰਣਾ ਨਾਲ ਪਸ਼ਚਾਤਾਪ ਕਰਦੇ ਹੋਏ ਮੁੜ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿੱਚ ਆਏ। ਮੁਕਤਸਰ ਦੀ ਜੰਗ ਵਿੱਚ ਚਾਲੀ ਸਿੰਘਾਂ ਨੇ ਅਦੁੱਤੀ ਬਹਾਦਰੀ ਦਾ ਪ੍ਰਗਟਾਵਾ ਕਰਦੇ ਹੋਏ ਸ਼ਹਾਦਤਾਂ ਪ੍ਰਾਪਤ ਕਰਕੇ ਗੁਰੂ ਨਾਲੋਂ ਟੁੱਟੀ ਗੰਢੀ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੀ ਮਹਾਨ ਕੁਰਬਾਨੀ ਨੂੰ ਦੇਖ ਕੇ ਬੇਦਾਵਾ ਪਾੜ ਦਿੱਤਾ ਅਤੇ ਉਨ੍ਹਾਂ ਨੂੰ "ਚਾਲੀ ਮੁਕਤਿਆਂ" ਖਿਤਾਬ ਬਖ਼ਸ਼ਿਆ।

ਇਹ ਪਾਵਨ ਸ਼ਹਾਦਤ ਅੱਜ ਵੀ ਸਾਨੂੰ ਇਹ ਸੰਦੇਸ਼ ਦਿੰਦੀ ਹੈ ਕਿ ਜੇ ਅਸੀਂ ਅਣਜਾਣੇ ਵਿੱਚ ਕਦੇ ਗੁਰੂ ਤੋਂ ਬੇਦਾਵਾ ਦੇ ਬੈਠੇ ਹਾਂ, ਤਾਂ ਗੁਰੂ ਦੇ ਚਰਨਾਂ ਵਿੱਚ ਆ ਕੇ ਆਪਣੇ ਜੀਵਨ ਦਾ ਬੇਦਾਵਾ ਆਪ ਹੀ ਪਾੜੀਏ ਅਤੇ ਗੁਰੂ ਨਾਲ ਪ੍ਰੀਤ ਨਿਭਾਉਣ ਦੀ ਅਰਦਾਸ ਕਰੀਏ।

### ✶ ਪ੍ਰੋਗਰਾਮ ✶

ਆਰੰਭ ਸ੍ਰੀ ਅਖੰਡ ਪਾਠ ਸਾਹਿਬ 16 ਜਨਵਰੀ 2026 ਦਿਨ ਸ਼ੁਕਰਵਾਰ ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 18 ਜਨਵਰੀ 2026 ਦਿਨ ਐਤਵਾਰ ਸਵੇਰੇ 10 ਵਜੇ

*********************

ਭੋਗ ਤੋਂ ਉਪਰੰਤ ਕੀਰਤਨੀ ਜਥਾ ਭਾਈ ਬਲਵੰਤ ਸਿੰਘ ਜੀ ਕਵੀਸ਼ਰੀ ਜਥਾ ਭਾਈ ਮਲਕੀਤ ਸਿੰਘ ਬੰਗਾ ਪੰਛੀ ਭਰਾਵਾਂ ਦੀ ਜੋੜੀ, ਕਥਾਕਾਰ ਗਿਆਨੀ ਗੁਰਪਾਲ ਸਿੰਘ ਗੁਰਦਾਸਪੁਰ ਵਾਲੇ ਅਤੇ ਪੰਥਕ ਬੁਲਾਰੇ ਸੰਗਤਾਂ ਨੂੰ ਨਿਹਾਲ ਕਰਨਗੇ



ਕੀਰਤਨੀ ਜਥਾ ਭਾਈ ਬਲਵੰਤ ਸਿੰਘ ਜੀ




ਕੀਰਤਨੀ ਜਥਾ, ਭਾਈ ਬਲਵੰਤ ਸਿੰਘ ਜੀ, ਕਵੀਸ਼ਰੀ ਜਥਾ ਭਾਈ ਮਲਕੀਤ ਸਿੰਘ ਬੰਗਾ, ਪੰਛੀ ਭਰਾਵਾਂ ਦੀ ਜੋੜੀ



ਕਥਾਕਾਰ ਗਿਆਨੀ ਗੁਰਪਾਲ ਸਿੰਘ ਗੁਰਦਾਸਪੁਰ ਵਾਲੇ



### ✶ ਗੁਰੂ ਪੰਥ ਦੇ ਸੇਵਾਦਾਰ ✶

## ਇੰਟਰਨੈਸ਼ਨਲ ਪੰਥਕ ਦਲ ਯੂ.ਕੇ.

(ਬਾਨੀ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ)

ਵਧੇਰੇ ਜਾਣਕਾਰੀ ਲਈ →

ਭਾਈ ਰਘਵੀਰ ਸਿੰਘ ਵਾਲਸਾਲ, ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਯੂਕੇ, ਮੋ.: +44 7976210161
ਭਾਈ ਕਪਤਾਨ ਸਿੰਘ, ਜਨਰਲ ਸਕੱਤਰ ਤੇ ਮੁੱਖ ਬੁਲਾਰਾ, ਇੰਟਰਨੈਸ਼ਨਲ ਪੰਥਕ ਦਲ ਯੂਕੇ, +44 7788283485
ਭਾਈ ਰਘਵੀਰ ਸਿੰਘ ਬੀਰ੍ਹਾ, ਸੀਨੀਅਰ ਮੀਤ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਯੂਕੇ ਅਤੇ (ਸਾਬਕਾ ਪ੍ਰਧਾਨ ਗੁਰਦੁਆਰਾ ਬਾਬਾ ਸੰਗ ਜੀ) +44 7930908368

**Address: GURDWARA BABA SANG JI**
**9 St Paul's Rd, Smethwick Birmingham B66 1EE**

# ਇੱਕ ਨਜ਼ਰ ...



## ਪਠਲਾਵਾ ਸੰਸਥਾ ਵੱਲੋਂ 2026 ਸਾਲ ਦਾ ਕੈਲੰਡਰ ਜਾਰੀ

**ਹਰਪ੍ਰੀਤ ਸਿੰਘ ਪਠਲਾਵਾ ਦੀ ਵਿਸ਼ੇਸ਼ ਰਿਪੋਰਟ**

ਸਮਾਜ ਸੇਵ ਦੇ ਖੇਤਰ ਵਿਚ ਇਕ ਨਿਵੇਕਲੀ ਪਛਾਣ ਬਣਾ ਕੇ ਵਿਚਰ ਰਹੀ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੀ ਸੰਸਥਾ ,ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਵਲੋਂ ਸੰਸਥਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ ਜੀ ਦੀ ਰਹਿਨੁਮਾਈ ਹੇਠ ਸੰਸਥਾ ਵਲੋਂ ਬੀਤੇ ਇਕ ਸਾਲ ਵਿਚ ਕੀਤੇ ਸਮਾਜ ਸੇਵੀ ਕਾਰਜਾਂ ਨੂੰ ਪ੍ਰਦਰਸ਼ਿਤ ਕਰਦਾ ਹੋਇਆ ਕੈਲੰਡਰ ਰਿਲੀਜ਼ ਕਰਨ ਹਿਤ ਇਕ ਸੰਖੇਪ ਪਰ ਪ੍ਰਭਾਵਸ਼ਾਲੀ ਸਮਾਗਮ ਕਰਵਾਇਆਂ ਗਿਆ। ਇਸ ਅਵਸਰ ਤੇ ਬੋਲਦਿਆਂ ਸੰਸਥਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ, ਪ੍ਰਧਾਨ ਸ ਪ੍ਰਮਜੀਤ ਸਿੰਘ ਸੂਰਾਪੁਰ, ਜਨਰਲ ਸਕੱਤਰ ਮਾ ਤਰਲੋਚਨ ਸਿੰਘ ਪਠਲਾਵਾ, ਸੰਦੀਪ ਕੁਮਾਰ ਗੌੜ ਅਤੇ ਸੰਸਥਾ ਦੇ ਮੁੱਖ ਬੁਲਾਰੇ ਲੈਕਚਰਾਰ ਤਰਸੇਮ ਪਠਲਾਵਾ ਨੇ ਆਖਿਆ ਕਿ ਇਸ ਕੈਲੰਡਰ ਵਿਚ ਜਿਥੇ ਪੰਜਾਬ ਅਤੇ ਸੈਂਟਰ ਸਰਕਾਰ ਦੀਆਂ ਗਜ਼ਿਟਡ , ਰਾਖਵੀਆਂ ਛੁਟੀਆਂ ਦਾ ਪੂਰਾ ਵੇਰਵਾ ਦਿੱਤਾ ਗਿਆ ਹੈ ਉਥੇ ਸੰਸਥਾ ਵਲੋਂ ਕੀਤੇ ਪਰੌਜੈਕਟਾਂ ਦੀਆਂ ਤਸਵੀਰਾਂ ਨੂੰ ਵੀ ਇਸ ਦਾ ਹਿਸਾ ਬਣਾਇਆ ਗਿਆ ਹੈ। ਉਹਨਾਂ ਨੇ ਚਲ ਰਹੇ ਨਵੇਂ ਸਾਲ ਦੇ ਉਹਨਾਂ ਕਾਰਜਾਂ ਦਾ ਵੀ ਵਿਉਰਾ ਸਾਂਝਾ ਕੀਤਾ ਜਿਨਾਂ ਨੂੰ ਸੰਸਥਾ ਦੀ ਕਾਰਜਸ਼ੈਲੀ ਦਾ ਹਿਸਾ ਬਣਾਇਆ ਜਾਵੇਗਾ।ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸੰਸਥਾ ਦੇ ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ ਸਾਹਿਬ, ਕਾਰਜਕਾਰੀ ਪ੍ਰਧਾਨ ਸ ਬਲਵੀਰ ਸਿੰਘ ਯੂ ਕੇ ਸਾਹਿਬ,ਉਪ ਚੇਅਰਮੈਨ ਸ ਅਮਰਜੀਤ ਸਿੰਘ ਸੂਰਾਪੁਰ,ਆਤਮਾਂ ਸਿੰਘ ਸੂਰਾਪੁਰ, ਪਰਵਿੰਦਰ ਸਿੰਘ ਰਾਣਾ, ਮਾਸਟਰ ਰਮੇਸ਼ ਕੁਮਾਰ ਪਠਲਾਵਾ, ਡਾਕਟਰ ਕੁਲਦੀਪ ਰਾਜ ਬੰਗਾ, ਸਤੀਸ਼ ਕੁਮਾਰ ਐਮਾਂ ਜਟਾਂ, ਕਮਲਜੀਤ ਕੌਰ ਐਮਾਂ ਜਟਾਂ, ਪ੍ਰਮਜੀਤ ਕੌਰ,ਸੰਸਥਾ ਦੇ ਮੀਡੀਆ ਇੰਚਾਰਜ ਹਰਜੀਤ ਸਿੰਘ ਜੀਤਾ,ਬਲਜੀਤ ਸਿੰਘ , ਕਾਕਾ ਸਰਬਜੋਤ ਸਿੰਘ ਸੂਰਾਪੁਰ,,ਡਾ ਸੰਜੀਵ ਕੁਮਾਰ ਐਮਾਂ ਜੱਟਾਂ ਹਾਜ਼ਰ ਸਨ।

## ਸਰਕਾਰ ਦੀ ਧੱਕੇਸ਼ਾਹੀ ਦੇ ਬਾਵਯੁਦ ਸਮੁਚਾ ਹਲਕਾ ਮਜੀਠਾ ਸ: ਬਿਕਰਮ ਸਿੰਘ ਮਜੀਠੀਆ ਨਾਲ ਚਟਾਣ ਵਾਂਗ ਖੜ੍ਹਾ: ਗਨੀਵ ਕੌਰ ਮਜੀਠੀਆ



ਚੌਕ ਮਹਿਤਾ, 9 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)-ਵਿਧਾਨ ਸਭਾ ਹਲਕਾ ਮਜੀਠਾ ਤੋਂ ਵਿਧਾਇਕਾ ਬੀਬਾ ਗਨੀਵ ਕੌਰ ਮਜੀਠੀਆ ਦੀ ਅਗਵਾਈ ਹੇਠ ਨਜ਼ਦੀਕੀ ਪਿੰਡ ਨਿਬਰਵਿੰਡ ਵਿਖੇ ਯੂਥ ਅਕਾਲੀ ਦਲ ਦੇ ਜਿਲ੍ਹਾ ਪ੍ਰਧਾਨ ਨਵਜਿੰਦਰਪਾਲ ਸਿੰਘ ਗਾਂਧੀ ਦੇ ਗ੍ਰਹਿ ਵਿਖੇ ਅਕਾਲੀ ਦਲ ਦੇ ਵਰਕਰਾਂ ਦੀ ਇਕ ਅਹਿਮ ਇਕੱਤਰਤਾ ਹੋਈ ਜਿਸ ਵਿਚ ਵੱਡੀ ਗਿਣਤੀ ਵਿਚ ਪਾਰਟੀ ਦੇ ਅਹੁਦੇਦਾਰ ਅਤੇ ਵਰਕਰ ਸ਼ਾਮਿਲ ਹੋਏ੍ ਇਸ ਇਕੱਤਰਤਾ ਦੌਰਾਨ ਵਿਚਾਰ ਚਰਚਾ ਹੋਈ ਅਤੇ ਬੀਬੀ ਮਜੀਠੀਆ ਵਲੋਂ ਇਕੱਤਰ ਵਰਕਰਾਂ ਦੀਆਂ ਮੁਸ਼ਿਕਲਾਂ ਵੀ ਸੁਣੀਆਂ੍ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਆਪ ਸਰਕਾਰ ਵਲੋਂ ਪਿਛਲੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਪੰਜਾਬ ਦਾ ਵਿਕਾਸ ਕਰਨ ਦੀ ਥਾਂ ਕੇਵਲ ਵਿਰੋਧੀ ਧਿਰ ਖਿਲਾਫ਼ ਕੂੜ ਪ੍ਰਚਾਰ ਕਰਨ ਜਾਂ ਫੋਕੀ ਇਸ਼ਿਤਹਾਰ ਬਾਜੀ ਨਾਲ ਲੋਕਾਂ ਨੂੰ ਗੁੰਮਰਾਹ ਕਰਨ ਵਿਚ ਹੀ ਲੰਘਾਂ ਦਿਤਾ ਜਦੋ ਕਿ ਸਤਾ ਕੇ ਕਾਬਜ ਹੋਣ ਲਈ ਆਮ ਆਦਮੀ ਪਾਰਟੀ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਦਿਆਂ ਵਿਚੋਂ ਸਰਕਾਰ ਬਣਨ ਤੋਂ ਬਾਅਦ ਇਕ ਵੀ ਵਾਅਦਾ ਪੂਰਾ ਨਹੀਂ ਕਰ ਸਕੀ੍ ਉਨ੍ਹਾਂ ਕਿਹਾ ਕਿ ਸਰਕਾਰ ਮਾੜੀ ਕਾਰਗੁਜਾਰੀ ਦੇ ਚਲਦਿਆਂ ਅੱਜ ਪੰਜਾਬ ਵਿਚ ਅਰਾਜਕਤਾ ਵਾਲਾ ਮਾਹੌਲ ਬਣ ਚੁੱਕਾ ਹੈ, ਜਿਥੇ ਰੋਜ਼ਾਨਾ ਵੱਡੀ ਗਿਣਤੀ ਵਿਚ ਦਿਨ ਦਿਹਾੜੇ ਲੁੱਟਾਂ ਖੋਹਾਂ, ਫਰੌਤੀ, ਕਤਲ ਵਰਗੀਆਂ ਸੰਗੀਨ ਵਾਰਦਾਤਾਂ ਵਾਪਰ ਰਹੀਆਂ ਹਨ, ਜਿਸ ਦੇ ਕਰਕੇ ਪੰਜਾਬ ਦੇ ਲੋਕਾਂ ਦਾ ਸਰਕਾਰ ਤੋਂ ਪੂਰੀ ਤਰਾਂ ਮੋਹ ਭੰਗ ਹੋ ਚੁੱਕਾ ਹੈ ਤੇ ਪੰਜਾਬ ਦੇ ਵੋਟਰ ਸਰਕਾਰ ਦਾ ਬਿਸਤਰਾ 2027 ਵਿਚ ਗੋਲ ਕਰ ਦੇਣਗੇ੍ ਬੀਬੀ ਗਨੀਵ ਕੌਰ ਮਜੀਠੀਆ ਨੇ ਕਿਹਾ ਕਿ ਸ:ਬਿਕਰਮ ਸਿੰਘ ਮਜੀਠੀਆ ਨੇ ਹਲਕਾ ਮਜੀਠਾ ਦੇ ਵਾਸੀਆਂ ਨੂੰ ਹਮੇਸ਼ਾਂ ਆਪਣੇ ਪਰਿਵਾਰ ਦਾ ਰੁਤਬਾ ਦਿਤਾ ਜਿਸ ਸਦਕਾ ਸਰਕਾਰ ਦੀ ਧੱਕੇਸ਼ਾਹੀ ਦੇ ਬਾਵਜੂਦ ਸਮੁਚਾ ਹਲਕਾ ਉਨ੍ਹਾਂ ਨਾਲ ਚਟਾਨ ਵਾਂਗ ਖੜ੍ਹਾ ਹੈ ਜਿਸ ਲਈ ਮਜੀਠੀਆ ਪਰਿਵਾਰ ਹਮੇਸ਼ਾ ਹਲਕਾ ਵਾਸੀਆਂ ਦਾ ਰਿਣੀ ਰਹੇਗਾ੍ ਇਸ ਮੌਕੇ ਹੋਰਨਾ ਤੋਂ ਇਲਾਵਾ ਸੁਖਵਿੰਦਰ ਸਿੰਘ ਗੋਲਡੀ ਸਾਬਕਾ ਚੇਅਰਮੈਨ, ਨਵਜਿੰਦਰ ਪਾਲ ਸਿੰਘ ਗਾਂਧੀ ਪ੍ਰਧਾਨ ਯੂਥ ਅਕਾਲੀ ਦਲ, ਅਮਰਪਾਲ ਸਿੰਘ ਪਾਲੀ ਉਦੋਕੇ, ਦਿਲਾਬਗ ਸਿੰਘ ਕਲੇਰ ਸਰਕਲ ਪ੍ਰਧਾਨ, ਗੁਰਨਾਮ ਸਿੰਘ ਰਾਜੂ ਮੱਤੇਵਾਲ ਯੂਥ ਸਰਕਲ ਪ੍ਰਧਾਨ, ਐਡਵੋਕੇਟ ਤੇਗਬੀਰ ਸਿੰਘ ਸਿਆਲਕਾ, ਵਰਿੰਦਰ ਸਿੰਘ ਸਰਪੰਚ ਬਲੋਵਲੀ, ਸੁਖਦੇਵ ਸਿੰਘ ਸਾਬਕਾ ਸਰਪੰਚ ਆਦਿ ਆਗੂ ਮੌਜੂਦ ਸਨ।

## ਜੀ.ਕੇ.ਯੂ. ਦੇ ਵਾਈਸ ਚਾਂਸਲਰ ਵੱਲੋਂ ਵੈਸ਼ਿਵਕ ਜਲਵਾਯੂ ਪਰਿਵਰਤਨ ਬਾਰੇ ਡਾ. ਕਰਨ ਵਰਮਾ ਦੀ ਕਿਤਾਬ ਦਾ ਲੋਕ ਅਰਪਣ

ਤਲਵੰਡੀ ਸਾਬੋ, 8 ਜਨਵਰੀ (ਗੁਰਜੰਟ ਸਿੰਘ ਨਥੇਹਾ)- ਗੁਰੂ ਕਾਸ਼ੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਰਾਮੇਸ਼ਵਰ ਸਿੰਘ ਵੱਲੋਂ ਇਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਰੋਹ ਵਿੱਚ ਵੈਸ਼ਿਵਕ ਜਲਵਾਯੂ ਪਰਿਵਰਤਨ ਬਾਰੇ ਡਾ. ਕਰਨ ਵਰਮਾ ਵੱਲੋਂ ਲਿਖੀ ਕਿਤਾਬ "ਮੋਡਰਨ ਐਗਰੋਨੋਮੀ ਇੰਟੀਗਰੇਟਿੰਗ ਸਾਇੰਸ, ਟੈਕਨਾਲੋਜੀ ਐਂਡ ਕਲਾਈਮੇਟ-ਸਮਾਰਟ ਪ੍ਰੈਕਟਿਸਸ" ਦਾ ਲੋਕਾਰਪਣ ਕੀਤਾ ਗਿਆ।ਇਸ ਮੌਕੇ ਨਿਰਦੇਸ਼ਕ ਯੋਜਨਾਕਾਰੀ ਅਤੇ ਵਿਕਾਸ ਡਾ. ਅਸ਼ਵਨੀ ਸੇਠੀ ਅਤੇ ਖੇਤੀਬਾੜੀ ਕਾਲਜ ਦੇ ਡੀਨ ਹਾਜ਼ਰ ਸਨ। ਇਸ ਮੌਕੇ ਡਾ. ਸਿੰਘ ਨੇ ਕਿਤਾਬ ਦੇ ਲੇਖਕ ਡਾ. ਵਰਮਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਵੈਸ਼ਿਵਕ ਪੱਧਰ ਤੇ ਹੋ ਰਹੇ ਜਲਵਾਯੂ ਪਰਿਵਰਤਨ ਦੇ ਕਾਰਨ ਕਿਸਾਨਾਂ, ਬਾਗਵਾਨਾਂ ਅਤੇ ਇਸ ਨਾਲ ਸੰਬੰਧਿਤ ਧਿਰਾਂ ਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਨ੍ਹਾਂ ਦਾ ਇਹ ਹੱਲ ਪੇਸ਼ ਕਰਦੀ ਹੈ। ਇਹ ਕਿਤਾਬ ਉਨ੍ਹਾਂ ਦੇ ਲਈ ਕਾਫੀ ਲਾਭਦਾਇਕ ਸਾਬਿਤ ਹੋਵੇਗੀ। ਉਨ੍ਹਾਂ ਡਾ. ਵਰਮਾ ਦੇ ਇਸ ਉੱਦਮ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਡਾ. ਸੇਠੀ ਤੇ ਡਾ. ਕਸ਼ਅਪ ਨੇ ਲੇਖਕ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਖੋਜ ਤੇ ਆਧਾਰਿਤ ਅਕਾਦਮਿਕ ਉਪਰਾਲੇ ਕਿਸਾਨਾਂ ਅਤੇ ਵਿਗਿਆਨੀਆਂ ਦੋਹਾਂ ਲਈ ਲਾਭਦਾਇਕ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਆਈ.ਸੀ.ਏ.ਆਰ. ਦੀਆਂ ਨੀਤੀਆਂ ਅਨੁਸਾਰ ਮਾਹਿਰਾਂ ਨੂੰ ਇਸ ਤਰ੍ਹਾਂ ਦੀਆਂ ਖੋਜ ਨਾਲ ਸੰਬੰਧਿਤ ਕਿਤਾਬਾਂ ਲਿਖਣ ਦੀ ਪ੍ਰੇਰਣਾ ਦਿੱਤੀ। ਲੇਖਕ ਵੱਲੋਂ ਇਸ ਕਿਤਾਬ ਦੀਆਂ ਕਾਪੀਆਂ ਯੂਨੀਵਰਸਿਟੀ ਲਾਇਬ੍ਰੇਰੀ ਵਿੱਚ ਰੱਖਣ ਲਈ ਦਿੱਤੀਆਂ ਗਈਆਂ।

# ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਠਲਾਵਾ ਪਿੰਡ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ















**ਹਰਪ੍ਰੀਤ ਸਿੰਘ ਪਠਲਾਵਾ ਦੀ ਵਿਸ਼ੇਸ਼ ਰਿਪੋਰਟ**

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਹਿਤ ਗੁਰਦੁਆਰਾ ਸਿੰਘ ਸਭਾ ਪਠਲਾਵਾ ਵਲੋਂ ਸਮੂਹ ਨਗਰ ਨਿਵਾਸੀਆਂ ਦੇ ਭਰਵੇਂ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ । ਜਿਸਦੀ ਅਗਵਾਈ ਪੰਜ ਪਿਆਰੇ ਅਤੇ ਨਿਸ਼ਾਨਚੀ ਕਰ ਰਹੇ ਸਨ ।ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਨੂੰ ਫੁੱਲਾਂ ਨਾਲ ਸਜਾਈ ਗੱਡੀ ਵਿਚ ਸ਼ਸ਼ੋਭਿਤ ਕੀਤਾ ਹੋਇਆ ਸੀ, ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਦੇ ਪਿਛੇ ਫੁਲਾ ਦੀ ਵਰਖਾ ਕਰਦੀ ਗੱਡੀ ਨਾਲ ਨਾਲ ਚਲ ਰਹੀ ਸੀ ।ਨਗਰ ਕੀਰਤਨ ਦਾ ਪਹਿਲਾ ਪੜਾਅ ਗੁਰਦੁਆਰਾ ਸੰਤ ਬਾਬਾ ਘਨ੍ਹਈਆ ਜੀ ਨਿਰਮਲ ਬੁੰਗਾ ਪਠਲਾਵਾ ਵਿਖੇ ਹੋਇਆ ਜਿਥੇ ਗੁਰੂ ਦਾ ਜਸ ਗਾਇਨ ਕਰਦੀਆਂ ਸੰਗਤਾਂ ਨੂੰ ਲੰਗਰ ਛਕਾਇਆ ਗਿਆ। ਦੂਸਰਾ ਪੜਾਅ ਜੰਝ ਘਰ ਦੇ ਖੁਲੇ ਪੰਡਾਲ਼ ਵਿਚ ਲਗਾਇਆ ਗਿਆ ਜਿਥੇ ਪੰਥ ਦੇ ਨਾਮਵਾਰ ਢਾਡੀ ਨਿਹੰਗ ਸਿੰਘ ਭਾਈ ਅੰਮ੍ਰਿਤਪਾਲ ਸਿੰਘ ਦੇ ਜਥੇ ਨੇ ਸੰਗਤਾਂ ਨੂੰ ਜੋਸ਼ੀਲੀਆਂ ਵਾਰਾਂ ਗਾ ਕੇ ਗੁਰੂ ਦੇ ਇਤਹਾਸ ਨਾ ਜੋੜਿਆ। ਸੰਗਤਾਂ ਵਾਸਤੇ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ ਜੀ ਦੀ ਰਹਿਨੁਮਾਈ ਹੇਠ ਚਾਹ ਅਤੇ ਪਕੌੜਿਆਂ ਦੇ ਲੰਗਰ ਦੀ ਸੇਵਾ ਕੀਤੀ ਗਈ ।ਨਗਰ ਕੀਰਤਨ ਦੇ ਸਾਰੇ ਪ੍ਰਬੰਧਾਂ ਦੀ ਦੇਖ ਰੇਖ ਜਥੇਦਾਰ ਸਵਰਨਜੀਤ ਸਿੰਘ ਪਠਲਾਵਾ, ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਕਰ ਰਹੇ ਸਨ। ਨਗਰ ਕੀਰਤਨ ਦਾ ਤੀਸਰਾ ਪੜਾਅ ਸ੍ਰੀ ਗੁਰੂ ਰਵਿਦਾਸ ਚੌਕ ਵਿਖੇ ਲਗਾਇਆ ਗਿਆ ਇਸ ਪੜਾਅ ਤੇ ਵੀ ਸੰਗਤਾਂ ਵਾਸਤੇ ਪ੍ਰਬੰਧਕਾਂ ਵੱਲੋਂ ਚਾਹ ਪਕੌੜਿਆਂ ਦਾ ਲੰਗਰ ਛਕਾਇਆ ਗਿਆ। ਨਗਰ ਕੀਰਤਨ ਦਾ ਗੁਰਦੁਆਰਾ ਪੰਜਾ ਸਾਹਿਬ ਅਤੇ ਗੁਰਦੁਆਰਾ ਸਿੰਘ ਸਭਾ ਖਾਲਸਾ ਬ੍ਰਦਰਜ਼ ਵਿਖੇ ਵੀ ਭਰਮਾਂ ਸੁਆਗਤ ਕੀਤਾ ਗਿਆ। ਪੰਜਾਬ ਦੇ ਨਾਮਵਰ ਭੁਝੰਗ ਸਿੰਘ ਗਤਕਾ ਗਰੁੱਪ ਵਲੋਂ ਗੱਤਕੇ ਦੇ ਜੁਝਾਰੂ ਜੌਹਰ ਵਿਖਾਏ ਗਏ ।ਆਖਿਰ ਵਿਚ ਨਗਰ ਕੀਰਤਨ ਗੁਰਦੁਆਰਾ ਸਿੰਘ ਸਭਾ ਪੰਚਾਇਤੀ ਵਿਖੇ ਸਮਾਪਤ ਹੋਇਆ। ਇਸ ਅਵਸਰ ਤੇ ਨਗਰ ਕੀਰਤਨ ਦੀ ਸ਼ੋਭਾ ਵਧਾਉਣ ਵਾਲਿਆਂ ਵਿਚ ਗਿਆਨੀ ਅਵਤਾਰ ਸਿੰਘ ਸਾਬਕਾ ਸਰਪੰਚ, , ਗਿਆਨੀ ਕਰਨੈਲ ਸਿੰਘ, ਥਰਮਿੰਦਰ ਸਿੰਘ ਥੰਮਾ ,ਮਨਜਿੰਦਰ ਸਿੰਘ, ਹਰਭਜਨ ਸਿੰਘ ਭੱਜੀ, ਗੁਰਪ੍ਰੀਤ ਸਿੰਘ ਗੋਪੀ, ਬਹਾਦਰ ਸਿੰਘ ਲਾਡੀ, ਸਰਬਜੀਤ ਸਿੰਘ ਸਾਬੀ, ਗੁਰਦਿਆਲ ਸਿੰਘ, ਕਾਲੀ , ਕੁਲਦੀਪ ਸਿੰਘ ਪੀਜ਼ਾ ਹੌਟ, ਦਿਲਾਵਰ ਸਿੰਘ ਸਰਪੰਚ , ਬਲਵੀਰ ਸਿੰਘ ਐਕਸ ਆਰਮੀ, ਬਲਵੀਰ ਸਿੰਘ ਯੂ ਕੇ ,ਮਾਸਟਰ ਤਰਲੋਚਨ ਸਿੰਘ, ਲੈਕਚਰਾਰ ਤਰਸੇਮ ਪਠਲਾਵਾ, ਰਜਿੰਦਰ ਸਿੰਘ ਜਿੰਦਾ, ਹਰਜੀਤ ਸਿੰਘ ਜੀਤਾ, ਸਤਵਿੰਦਰ ਸਿੰਘ ਕਾਲੀ ਅਤੇ ਉਹਨਾਂ ਦਾ ਸਮੂਹ ਗਰੁੱਪ , ਬਲਵਿੰਦਰ ਸਿੰਘ,ਬਲਵੀਰ ਸਿੰਘ , ਮਨਦੀਪ ਸਿੰਘ, ਤਰਸੇਮ ਸਿੰਘ,ਜਰਮਨੀ ,ਮੇਜਰ ਸਿੰਘ ਫਗਵਾੜਾ, ਮਾਸਟਰ ਰਮੇਸ਼ ਕੁਮਾਰ,ਗੁਰਚਰਨ ਸਿੰਘ ਗੋਲਡੀ, ਜਸਪ੍ਰੀਤ ਸਿੰਘ ਜੱਸੀ, ਤਰਸੇਮ ਸਿੰਘ ਸਾਬਕਾ ਸਰਪੰਚ,,ਜਸਵੀਰ ਸਿੰਘ ਕੁੱਕੂ, ਕੈਪਟਨ ਹਰਮੇਲ ਸਿੰਘ ,ਰਸ਼ਪਾਲ ਸਿੰਘ ਦੁਬਈ,, ਬਲਵੀਰ ਕੌਰ, ਸਾਬਕਾ ਪੰਚ, ਮਨਜੀਤ ਕੌਰ ਮੰਜੂ ਸਾਬਕਾ ਪੰਚ ਹਾਜਿਰ ਸਨ।

# ਤਾਕਤ, ਚੁਸ਼ਤੀ, ਫੁਰਤੀ ਦਾ ਸੁਮੇਲ: ਖੇਡ ਖੋ-ਖੋ



ਖੋ-ਖੋ ਇੱਕ ਪੁਰਾਤਨ ਭਾਰਤੀ ਲੋਕ-ਖੇਡ ਹੈ, ਜਿਸਦੀਆਂ ਜੜ੍ਹਾਂ ਪ੍ਰਾਚੀਨ ਸਮਾਜ ਵਿੱਚ ਮਿਲਦੀਆਂ ਹਨ। ਇਸ ਖੇਡ ਦਾ ਵਿਕਾਸ ਉਸ ਦੌਰ ਵਿੱਚ ਹੋਇਆ ਮੰਨਿਆ ਜਾਂਦਾ ਹੈ ਜਦੋਂ ਮਨੁੱਖੀ ਜੀਵਨ ਦੌੜ-ਭੱਜ, ਸਾਵਧਾਨੀ ਅਤੇ ਫੁਰਤੀ 'ਤੇ ਆਧਾਰਿਤ ਸੀ। ਸ਼ਿਕਾਰ, ਆਪਣੀ ਰੱਖਿਆ ਅਤੇ ਯੁੱਧ ਤਿਆਰੀ ਲਈ ਲੋਕਾਂ ਨੂੰ ਤੇਜ਼ ਦੌੜ ਅਤੇ ਫੜਨ ਦੀ ਲੋੜ ਹੁੰਦੀ ਸੀ,ਜਿਸ ਤੋਂ ਪ੍ਰੇਰਿਤ ਹੋ ਕੇ ਖੋ-ਖੋ ਵਰਗੀਆਂ ਖੇਡਾਂ ਜਨਮੀਆਂ। ਪੁਰਾਤਨ ਸਮਿਆਂ ਵਿੱਚ ਖੋ-ਖੋ ਪਿੰਡਾਂ ਦੇ ਖੁੱਲ੍ਹੇ ਮੈਦਾਨਾਂ, ਸਕੂਲਾਂ ਅਤੇ ਮੇਲਿਆਂ ਵਿੱਚ ਖੇਡੀ ਜਾਂਦੀ ਸੀ। ਇਸ ਖੇਡ ਲਈ ਕਿਸੇ ਵਿਸ਼ੇਸ਼ ਸਾਜ਼ੋ-ਸਮਾਨ ਦੀ ਲੋੜ ਨਹੀਂ ਸੀ, ਇਹ ਘੱਟ ਖਰਚੇ ਵਾਲੀ ਖੇਡ ਹੋਣ ਕਰਕੇ ਹਰ ਵਰਗ ਦੀ ਪਹੁੰਚ ਵਾਲੀ ਖੇਡ ਹੈ। ਖੋ-ਖੋ ਬੱਚਿਆਂ ਅਤੇ ਨੌਜਵਾਨਾਂ ਵਿੱਚ ਸਰੀਰਕ ਤਾਕਤ, ਚੁਸਤੀ-ਫੁਰਤੀ ਅਤੇ ਅਨੁਸ਼ਾਸਨ ਪੈਦਾ ਕਰਨ ਦਾ ਸਾਧਨ ਹੈ। ਸਮੇਂ ਦੇ ਨਾਲ ਆਧੁਨਿਕ ਖੇਡਾਂ ਅਤੇ ਡਿਜ਼ਿਟਲ ਮਨੋਰੰਜਨ ਦੇ ਵਧਣ ਕਾਰਨ ਖੋ-ਖੋ ਦੀ ਪ੍ਰਸਿੱਧੀ ਘੱਟ ਹੋਣ ਲੱਗੀ, ਪਰ ਅੱਜ ਵੀ ਇਹ ਖੇਡ ਸਾਡੀ ਸੰਸਕ੍ਰਿਤਕ ਵਿਰਾਸਤ ਦੀ ਪ੍ਰਤੀਕ ਹੈ। ਇਹ ਖੇਡ ਚੁਸਤੀ, ਫੁਰਤੀ ਅਤੇ ਤੀਬਰ ਸੋਚ ਦਾ ਸੁੰਦਰ ਸੁਮੇਲ ਹੈ। ਖੋਹ-ਖੋਹ ਖੇਡਦਿਆਂ ਖਿਡਾਰੀਆਂ ਨੂੰ ਤੇਜ਼ੀ ਨਾਲ ਦੌੜਣਾ, ਅਚਾਨਕ ਮੋੜ ਲੈਣਾ ਅਤੇ ਸਮੇਂ-ਸਿਰ ਫੈਸਲਾ ਕਰਨਾ ਪੈਂਦਾ ਹੈ। ਇਹ ਖੇਡ ਦੋ ਟੀਮਾਂ ਵਿੱਚ ਖੇਡੀ ਜਾਂਦੀ ਹੈ ਅਤੇ ਇਕ ਟੀਮ ਦੂਜੀ ਟੀਮ ਦੇ ਖਿਡਾਰੀਆਂ ਨੂੰ ਛੂਹ ਕੇ ਆਊਟ ਕਰਨ ਦੀ ਕੋਸ਼ਿਸ਼ ਕਰਦੀ ਹੈ। ਇਸ ਨਾਲ ਟੀਮ ਵਰਕ ਅਤੇ ਅਨੁਸ਼ਾਸਨ ਦੀ ਭਾਵਨਾ ਵਿਕਸਿਤ ਹੁੰਦੀ ਹੈ। ਖੋ-ਖੋ ਸਰੀਰਕ ਤੰਦਰੁਸਤੀ ਵਧਾਉਣ ਦੇ ਨਾਲ-ਨਾਲ ਮਨ ਨੂੰ ਵੀ ਚੁਸਤ ਰੱਖਦੀ ਹੈ। ਅੱਜ ਦੇ ਸਮੇਂ ਵਿੱਚ ਜਿੱਥੇ ਸੋਸ਼ਲ ਮੀਡੀਆ ਦੀਆਂ ਖੇਡਾਂ ਬੱਚਿਆਂ ਨੂੰ ਆਲਸੀ ਬਣਾ ਰਹੀਆਂ ਹਨ, ਉੱਥੇ ਖੋ-ਖੋ ਵਰਗੀਆਂ ਰਵਾਇਤੀ ਖੇਡਾਂ ਬੱਚਿਆਂ ਨੂੰ ਸਿਹਤਮੰਦ ਅਤੇ ਸਰਗਰਮ ਜੀਵਨ ਵੱਲ ਪ੍ਰੇਰਿਤ ਕਰਦੀਆਂ ਹਨ। ਇਹ ਖੇਡ ਬੱਚਿਆਂ ਦੇ ਸਰੀਰਕ ਵਿਕਾਸ ਨਾਲ ਨਾਲ ਉਨ੍ਹਾਂ ਦੇ ਚਰਿੱਤਰ ਨਿਰਮਾਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। 1950 ਵਿੱਚ ਖੋ-ਖੋ ਫੈਡਰੇਸ਼ਨ ਆਫ ਇੰਡੀਆ ਦੀ ਸਥਾਪਨਾ ਕੀਤੀ ਗਈ ਅਤੇ ਜਿਸ ਤੋਂ ਬਾਅਦ ਬਹੁਤ ਸਾਰੇ ਖੇਡ ਨਿਯਮਾਂ ਵਿੱਚ ਸੋਧ ਕੀਤੀ। ਅੱਜ ਫਿਰ ਇਹ ਖੇਡ ਰਾਸ਼ਟਰੀ, ਅੰਤਰਰਾਸ਼ਟਰੀ ਅਤੇ ਲੀਗ ਟੂਰਨਾਮੈਂਟਾਂ ਰਾਹੀਂ ਕਾਫੀ ਪ੍ਰਸਿੱਧੀ ਪ੍ਰਾਪਤ ਕਰ ਚੁੱਕੀ ਹੈ। ਆਓ ਉਪਰੋਕਤ ਅਨੇਕ ਗੁਣਾਂ ਨਾਲ ਭਰਪੂਰ ਭਾਰਤ ਦੀ ਜਾਈ ਇਸ ਖੇਡ ਦੀ ਸ਼ਾਨ ਨੂੰ ਹੋਰ ਵਧਾਈਏ ਅਤੇ ਹਰ ਪਿੰਡ,ਹਰ ਸ਼ਹਿਰ ਦੇ ਗਰਾਊਡਾਂ ਦਾ ਸ਼ਿੰਗਾਰ ਬਣਾਈਏ।

**ਲੇਖਕ: ਗੁਰਜੰਟ ਸਿੰਘ ਭਾਗੀਵਾਂਦਰ,**
**ਡੀਪੀਈ ਮਾਸਟਰ, ਸਹਸ ਚੱਠੇਵਾਲਾ (ਬਠਿੰਡਾ)**

# ਸੰਪਰਕ ਸੜਕਾਂ ਦੀ ਮੁਰੰਮਤ ਤੱਕ ਨਹੀ ਕਰਵਾ ਸਕੀ ਵਿਕਾਸ ਦੇ ਦਾਅਵਿਆਂ ਵਾਲੀ 'ਆਪ' ਸਰਕਾਰ- ਜੀਤਮਹਿੰਦਰ ਸਿੱਧੂ



ਤਲਵੰਡੀ ਸਾਬੋ, 9 ਜਨਵਰੀ (ਗੁਰਜੰਟ ਸਿੰਘ ਨਥੇਹਾ)- ਵਿਕਾਸ ਦੀਆਂ ਵੱਡੀਆਂ ਵੱਡੀਆਂ ਡੀਂਗਾ ਮਾਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਹੁਣ ਤੱਕ ਦੇ ਕਾਰਜਕਾਲ 'ਚ ਪਿੰਡਾਂ ਨੂੰ ਸ਼ਹਿਰਾਂ ਨਾਲ ਜਾਂ ਇੱਕ ਦੂਜੇ ਪਿੰਡਾਂ ਨੂੰ ਆਪੋ ਚ ਜੋੜਦੀਆਂ ਸੰਪਰਕ ਸੜਕਾਂ ਦੀ ਮੁਰੰਮਤ ਤੱਕ ਨਹੀ ਕਰਵਾ ਸਕੀ ਵੱਡੇ ਪੱਧਰ ਦਾ ਵਿਕਾਸ ਤਾਂ ਬਹੁਤ ਦੂਰ ਦੀ ਗੱਲ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਵੱਲੋਂ ਲੋਕ ਸਭਾ ਚੋਣ ਲੜ ਚੁੱਕੇ ਤੇ ਹਲਕੇ ਤੋਂ ਚਾਰ ਵਾਰ ਵਿਧਾਇਕ ਰਹੇ ਜੀਤਮਹਿੰਦਰ ਸਿੰਘ ਸਿੱਧੂ ਨੇ ਗੱਲਬਾਤ ਦੌਰਾਨ ਕੀਤਾ। ਸਿੱਧੂ ਜੋ ਕਿ ਪਿੰਡ ਭਾਗੀਵਾਂਦਰ ਵਿਖੇ ਵਰਕਰਾਂ ਤੇ ਆਮ ਲੋਕਾਂ ਦੇ ਨਿੱਜੀ ਪ੍ਰੋਗਰਾਮਾਂ 'ਚ ਹਾਜ਼ਰੀ ਭਰਨ ਪਹੁੰਚੇ ਹੋਏ ਸਨ ਨੇ ਬਾਅਦ ਚ ਗੱਲਬਾਤ ਦੌਰਾਨ ਕਿਹਾ ਕਿ ਪਿੰਡਾਂ/ਸ਼ਹਿਰਾਂ ਦੇ ਬਹੁਤੇ ਵਿਕਾਸ ਕਾਰਜ ਅੱਧਵਾਟੇ ਲਟਕੇ ਪਏ ਹਨ ਕਿਉਂਕਿ ਪੰਚਾਇਤਾਂ ਜਾਂ ਸਬੰਧਿਤ ਧਿਰਾਂ ਨੂੰ ਉਹ ਫੰਡ ਹੀ ਨਹੀ ਮਿਲ ਰਹੇ ਜੋ ਉਨਾਂ ਨੂੰ ਪੂਰੇ ਕਰਨ ਲਈ ਚਾਹੀਦੇ ਹਨ। ਉਨਾਂ ਕਿਹਾ ਕਿ ਆਪ ਸਰਕਾਰ ਇਸ ਖਿੱਤੇ 'ਚ ਇੱਕ ਸੜਕ ਦੱਸ ਦੇਵੇ ਜੋ ਉਸਨੇ ਸੂਬਾਈ ਫੰਡਾਂ ਨਾਲ ਨਵੀਂ ਬਣਾਈ ਹੋਵੇ, ਸੜਕ ਨਵੀਂ ਤਾਂ ਕੀ ਬਣਾਉਣੀ ਸੀ ਸਗੋਂ ਕਈ ਪਿੰਡਾਂ ਦੀਆਂ ਸੰਪਰਕ ਸੜਕਾਂ ਦੀ ਹਾਲਤ ਅਤਿ ਖਸਤਾ ਹੋਈ ਪਈ ਹੈ ਉਨ੍ਹਾਂ ਦੀ ਮੁਰੰਮਤ ਤੱਕ ਨਹੀ ਕਰਵਾਈ ਗਈ। ਉਨਾਂ ਕਿਹਾ ਕਿ ਪਿੰਡ ਜੀਵਨ ਸਿੰਘ ਵਾਲਾ ਦੇ ਪੁਲ ਤੇ ਵੱਡੇ ਹਾਦਸੇ ਵਾਪਰਨ ਦੇ ਬਾਵਜ਼ੂਦ ਸਰਕਾਰ ਨੇ ਪੁਲ ਨੂੰ ਚੌੜਾ ਤਾਂ ਕੀ ਕਰਵਾਉਣਾ ਸੀ ਸਗੋਂ ਅੱਜ ਤੱਕ ਉੱਥੇ ਆਧੁਨਿਕ ਸਹੂਲਤਾਂ ਵਾਲੀਆਂ ਸੰਕੇਤਕ ਲਾਈਟਾਂ ਤੱਕ ਨਹੀ ਲਗਵਾ ਸਕੀ ਤਾਂ ਕਿ ਲੋਕ ਰਾਤ ਸਮੇਂ ਹਾਦਸਿਆਂ ਤੋਂ ਬਚ ਸਕਣ। ਉਨਾਂ ਨੇ 'ਆਪ' ਸਰਕਾਰ ਨੂੰ ਹਰ ਫਰੰਟ 'ਤੇ ਫੇਲ੍ਹ ਕਰਾਰ ਦਿੱਤਾ। ਸਿੱਧੂ ਨਾਲ ਇਸ ਮੌਕੇ ਅਮਰਜੀਤ ਸਿੰਘ ਚੀਮਾ ਨਿੱਜੀ ਸਹਾਇਕ, ਐਡਵੋਕੇਟ ਗੁਰਤੇਜ ਸਿੰਘ ਭਾਗੀਵਾਂਦਰ, ਜਗਤਾਰ ਸਿੰਘ ਨੰਬਰਦਾਰ, ਬਲਵੰਤ ਸਿੰਘ ਲੇਲੇਵਾਲਾ, ਹਰਜਿੰਦਰ ਸਿੰਘ ਜਿੰਦਾ ਜੀਵਨ ਸਿੰਘ ਵਾਲਾ, ਮਨਪ੍ਰੀਤ ਸਿੰਘ ਧਾਲੀਵਾਲ, ਗੁਰਮੇਲ ਲਾਲੇਆਣਾ, ਸੁਰਜੀਤ ਸ਼ਰਮਾ ਜਗਾ, ਗੁਰਾਂਦਿੱਤਾ ਸਿੰਘ ਸੀਂਗੋ, ਹੈਪੀ ਬਹਿਮਣ,ਗੁਲਾਬ ਕੈਲੇਵਾਂਦਰ ਆਦਿ ਆਗੂ ਨਜ਼ਰ ਆਏ।

## ਇੱਕ ਨਜ਼ਰ...



### ਦਿੱਲੀ ਵਿਧਾਨਸਭਾ ਵਿਚ ਪ੍ਰਦੂਸ਼ਣ ਮੁੱਦੇ ਤੇ ਆਪ ਵਿਧਾਇਕਾਂ ਨੇ ਕੀਤਾ ਹੰਗਾਮਾ, ਸਪੀਕਰ ਨੇ ਕਢਿਆ ਵਿਧਾਨਸਭਾ ਤੋਂ ਬਾਹਰ

ਨਵੀਂ ਦਿੱਲੀ, 9 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):-ਆਮ ਆਦਮੀ ਪਾਰਟੀ (ਆਪ) ਦੇ ਮੈਂਬਰਾਂ ਨੇ ਦਿੱਲੀ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਦੇ ਪੰਜਵੇਂ ਅਤੇ ਆਖਰੀ ਦਿਨ ਪ੍ਰਦੂਸ਼ਣ ਦੇ ਮੁੱਦੇ 'ਤੇ ਹੰਗਾਮਾ ਕੀਤਾ, ਜਿਸ ਕਾਰਨ ਸਪੀਕਰ ਵਿਜੇਂਦਰ ਗੁਪਤਾ ਨੇ 'ਆਪ' ਵਿਧਾਇਕਾਂ ਕੁਲਦੀਪ ਕੁਮਾਰ, ਜਰਨੈਲ ਸਿੰਘ ਅਤੇ ਸੰਜੀਵ ਝਾਅ ਨੂੰ ਮਾਰਸ਼ਲਾਂ ਦੁਆਰਾ ਹਟਾ ਦਿੱਤਾ ਅਤੇ ਉਨ੍ਹਾਂ ਨੂੰ ਪੂਰੇ ਦਿਨ ਦੀ ਕਾਰਵਾਈ ਲਈ ਮੁਅੱਤਲ ਕਰ ਦਿੱਤਾ। ਜਿਵੇਂ ਹੀ ਸਦਨ ਦੀ ਕਾਰਵਾਈ ਸ਼ੁਰੂ ਹੋਈ, 'ਆਪ' ਮੈਂਬਰਾਂ ਨੇ ਪ੍ਰਦੂਸ਼ਣ ਦੇ ਮੁੱਦੇ 'ਤੇ ਚਰਚਾ ਦੀ ਮੰਗ ਕਰਦੇ ਹੋਏ ਹੰਗਾਮਾ ਕਰਨਾ ਸ਼ੁਰੂ ਕਰ ਦਿੱਤਾ। ਸ਼੍ਰੀ ਗੁਪਤਾ ਨੇ ਕਿਹਾ ਕਿ ਪ੍ਰਦੂਸ਼ਣ ਦੇ ਮੁੱਦੇ 'ਤੇ ਅੱਜ ਚਰਚਾ ਕੀਤੀ ਜਾਵੇਗੀ, ਪਰ ਚਰਚਾ ਤੋਂ ਪਹਿਲਾਂ ਕੁਝ ਜ਼ਰੂਰੀ ਕੰਮ ਪੂਰਾ ਕਰ ਲਿਆ ਜਾਵੇਗਾ। ਹਾਲਾਂਕਿ, 'ਆਪ' ਮੈਂਬਰ ਅਡੋਲ ਰਹੇ ਅਤੇ ਹੰਗਾਮਾ ਕਰਦੇ ਰਹੇ। ਸ਼੍ਰੀ ਗੁਪਤਾ ਨੇ ਵਾਰ-ਵਾਰ 'ਆਪ' ਮੈਂਬਰਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ, ਪਰ ਉਨ੍ਹਾਂ ਨੇ ਉਨ੍ਹਾਂ ਦੀਆਂ ਬੇਨਤੀਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਇਸ ਦੌਰਾਨ, ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸਤੀਸ਼ ਉਪਾਧਿਆਏ ਨੇ ਸਪੀਕਰ ਕੋਲ ਇਤਰਾਜ਼ ਦਰਜ ਕਰਵਾਇਆ, ਦੋਸ਼ ਲਗਾਇਆ ਕਿ ਸ਼੍ਰੀ ਝਾਅ ਨੇ ਸਪੀਕਰ ਵਿਰੁੱਧ ਅਪਮਾਨਜਨਕ ਭਾਸ਼ਾ ਦੀ ਵਰਤੋਂ ਕੀਤੀ ਹੈ ਅਤੇ ਦੋਸ਼ ਲਗਾਇਆ ਕਿ ਉਹ ਗੁੰਡਾਗਰਦੀ ਨਾਲ ਸਦਨ ਚਲਾ ਰਹੇ ਹਨ। ਸਪੀਕਰ ਨੂੰ ਅਜਿਹੀਆਂ ਟਿੱਪਣੀਆਂ ਦਾ ਨੋਟਿਸ ਲੈਣਾ ਚਾਹੀਦਾ ਹੈ। ਫਿਰ ਸ੍ਰੀ ਗੁਪਤਾ ਨੇ ਮਾਰਸ਼ਲਾਂ ਨੂੰ ਸ੍ਰੀ ਝਾਅ ਨੂੰ ਸਦਨ ਤੋਂ ਬਾਹਰ ਕੱਢਣ ਲਈ ਕਿਹਾ ਅਤੇ ਉਨ੍ਹਾਂ ਨੂੰ ਪੂਰੇ ਦਿਨ ਦੀ ਕਾਰਵਾਈ ਲਈ ਮੁਅੱਤਲ ਕਰ ਦਿੱਤਾ। ਜਦੋਂ 'ਆਪ' ਮੈਂਬਰਾਂ ਨੇ ਫਿਰ ਵੀ ਸ਼ਾਂਤ ਹੋਣ ਤੋਂ ਇਨਕਾਰ ਕਰ ਦਿੱਤਾ, ਤਾਂ ਸ੍ਰੀ ਗੁਪਤਾ ਨੇ ਮਾਰਸ਼ਲਾਂ ਨੂੰ ਕੁਲਦੀਪ ਕੁਮਾਰ ਅਤੇ ਜਰਨੈਲ ਸਿੰਘ ਨੂੰ ਵੀ ਹਟਾ ਦਿੱਤਾ ਅਤੇ ਉਨ੍ਹਾਂ ਨੂੰ ਪੂਰੇ ਦਿਨ ਦੀ ਕਾਰਵਾਈ ਲਈ ਮੁਅੱਤਲ ਕਰ ਦਿੱਤਾ।

### ਪਿੰਡ ਰਘੂਆਣਾ ਦੇ ਗਰੂਘਰ ਵਿਖੇ ਪੁਜਣਗੀਆਂ ਪੰਥ ਦੀਆਂ ਧਾਰਮਿਕ ਹਸਤੀਆਂ

ਸਿਰਸਾ, 9 ਜਨਵਰੀ (ਗੁਰਜੰਟ ਸਿੰਘ ਨਥੇਹਾ)- ਕਾਲਾਂਵਾਲੀ ਖੇਤਰ ਦੇ ਪਿੰਡ ਰਘੂਆਣਾ ਦੇ ਗੁਰਦੁਆਰਾ ਸਿੰਘ ਸਭਾ ਦੇ ਮੁੱਖ ਸੇਵਾਦਾਰ ਬਾਬਾ ਜੀਤ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਵਤਾਰ ਦਿਹਾੜੇ ਨੂੰ ਸਮਰਪਿਤ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਦੇ ਭੋਗ 10 ਜਨਵਰੀ ਨੂੰ ਪਾਏ ਜਾਣਗੇ। ਉਹਨਾਂ ਕਿਹਾ ਕਿ ਭੋਗ ਉਪਰੰਤ ਗੁਰਮਤਿ ਸਮਾਗਮ ਵਿੱਚ ਕਥਾ ਕੀਰਤਨ ਹੋਵੇਗਾ, ਜਿਸ ਵਿੱਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ, ਬਾਬਾ ਬਲਵੀਰ ਸਿੰਘ ਸੀਚੇਵਾਲ, ਤਖਤ ਸ੍ਰੀ ਦਮਦਮਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜਗਤਾਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ, ਬਾਬਾ ਰਾਜਵਿੰਦਰ ਸਿੰਘ ਜੋਨੀ, ਬਾਬਾ ਸੁਖਪਾਲ ਸਿੰਘ, ਬਾਬਾ ਜਸਵਿੰਦਰ ਸਿੰਘ ਬੜਾਗੁੜਾ, ਭਾਈ ਅੰਮ੍ਰਿਤ ਪਾਲ ਸਿੰਘ ਔਢਾਂ, ਬਾਬਾ ਸੁਖਮਨਦਾਸ ਖੀਵਾ, ਭਾਈ ਹਰਜੀਤ ਸਿੰਘ ਤੋਂ ਬਿਨਾਂ ਭਾਈ ਜਸਵੀਰ ਸਿੰਘ ਬਹਾਦਰਪੁਰ ਦੇ ਢਾਡੀ ਜਥੇ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰਦੁਆਰਾ ਸਿੰਘ ਸਭਾ ਦੇ ਮੁੱਖ ਸੇਵਾਦਾਰ ਬਾਬਾ ਜੀਤ ਸਿੰਘ ਨੇ ਦੱਸਿਆ ਕਿ ਸਿਰਸਾ ਖੇਤਰ ਦੇ ਧਾਰਮਿਕ ਵਿਦਵਾਨਾਂ ਤੋਂ ਇਲਾਵਾ ਗੁਰੂ ਘਰਾਂ ਦੇ ਪ੍ਰਧਾਨ ਇਸ ਸਮਾਗਮ ਵਿਚ ਵਿਸੇਸ਼ ਤੌਰ 'ਤੇ ਸ਼ਾਮਲ ਹੋਣ ਜਾ ਰਹੇ ਹਨ।



### ਆਤਿਸ਼ੀ ਮਾਰਲੇਨਾ ਖਿਲਾਫ ਦਿੱਲੀ ਗੁਰਦੁਆਰਾ ਕਮੇਟੀ ਨੇ ਕਰਵਾਈ ਫੌਜਦਾਰੀ ਸ਼ਿਕਾਇਤ

#### ਦਿੱਲੀ ਵਿਧਾਨ ਸਭਾ ਦੇ ਸਪੀਕਰ ਨੂੰ ਭੇਜੀ ਗਈ ਸ਼ਿਕਾਇਤ ਦੀ ਕਾਪੀ



ਨਵੀਂ ਦਿੱਲੀ, 9 ਜਨਵਰੀ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪ ਆਗੂ ਆਤਿਸ਼ੀ ਮਾਰਲੇਨਾ ਵੱਲੋਂ ਸਿੱਖ ਗੁਰੂ ਸਾਹਿਬਾਨ ਖਿਲਾਫ ਬੋਲਣ ਅਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਉਸਦੇ ਖਿਲਾਫ ਫੌਜਦਾਰੀ ਸ਼ਿਕਾਇਤ ਦਰਜ ਕਰਵਾਈ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਅਤੇ ਮੀਤ ਪ੍ਰਧਾਨ ਆਤਮਾ ਸਿੰਘ ਲੁਬਾਣਾ ਨੇ ਦੱਸਿਆ ਕਿ ਇਹ ਸ਼ਿਕਾਇਤ ਦਿੱਲੀ ਪੁਲਿਸ ਕੋਲ ਨੋਰਥ ਅਵੈਨਿਊ ਪੁਲਿਸ ਥਾਣੇ ਵਿਚ ਦਰਜ ਕਰਵਾਈ ਗਈ ਹੈ। ਉਹਨਾਂ ਦੱਸਿਆ ਕਿ ਸ਼ਿਕਾਇਤ ਵਿਚ ਮੰਗ ਕੀਤੀ ਗਈ ਹੈ ਕਿ ਆਤਿਸ਼ੀ ਮਾਰਲੇਨਾ ਵੱਲੋਂ ਜਾਣ ਬੁੱਝ ਅਤੇ ਗਿਣੇ ਮਿੱਥੇ ਢੰਗ ਨਾਲ ਗਲਤ ਬੋਲਣ ਤੇ ਸਿੱਖ ਗੁਰੂ ਸਾਹਿਬਾਨ ਖਿਲਾਫ ਨਫਰਤ ਫੈਲਾਉਣ ਲਈ ਕਾਨੂੰਨ ਅਨੁਸਾਰ ਬਣਦੀ ਫੌਜਦਾਰੀ ਧਾਰਾ ਅਧੀਨ ਐਫ ਆਈ ਆਰ ਦਰਜ ਕੀਤੀ ਜਾਵੇ। ਉਹਨਾਂ ਕਿਹਾ ਕਿ ਆਤਿਸ਼ੀ ਨੇ ਦੇਸ਼ ਵਿਦੇਸ਼ ਵਿਚ ਰਹਿੰਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਉਹਨਾਂ ਕਿਹਾ ਕਿ ਆਤਿਸ਼ੀ ਨੇ ਇਹ ਕਾਰਵਾਈ ਉਦੋਂ ਕੀਤੀ ਜਦੋਂ ਦਿੱਲੀ ਵਿਧਾਨ ਸਭਾ ਵਿਚ ਸਿੱਖ ਗੁਰੂ ਸਾਹਿਬਾਨ ਦਾ ਸਨਮਾਨ ਕੀਤੇ ਜਾਣ 'ਤੇ ਚਰਚਾ ਚਲ ਰਹੀ ਸੀ। ਉਹਨਾਂ ਦੱਸਿਆ ਕਿ ਸ਼ਿਕਾਇਤ ਦੇ ਨਾਲ ਸਬੂਤ ਵਜੋਂ ਵੀਡੀਓ ਵੀ ਸੌਂਪੀ ਗਈ ਹੈ। ਉਹਨਾਂ ਕਿਹਾ ਕਿ ਸ਼ਿਕਾਇਤ ਵਿਚ ਐਫ ਆਈ ਆਰ ਦਰਜ ਕਰਨ ਦੀ ਮੰਗ ਕੀਤੀ ਗਈ ਹੈ ਅਤੇ ਸ਼ਿਕਾਇਤ ਦੀ ਇਕ ਕਾਪੀ ਦਿੱਲੀ ਵਿਧਾਨ ਸਭਾ ਦੇ ਸਪੀਕਰ ਨੂੰ ਵੀ ਭੇਜੀ ਗਈ ਹੈ ਤਾਂ ਜੋ ਉਹਨਾਂ ਦੇ ਧਿਆਨ ਵਿਚ ਵੀ ਇਹ ਮਾਮਲਾ ਆਵੇ ਅਤੇ ਉਹ ਵੀ ਕਾਨੂੰਨ ਮੁਤਾਬਕ ਆਤਿਸ਼ੀ ਮਾਰਲੇਨਾ ਖਿਲਾਫ ਕਾਰਵਾਈ ਕਰ ਸਕਣ।

# ਪੰਜਾਬ ਅਤੇ ਪੰਥ ਪ੍ਰਸਤ ਸ਼ਖਸੀਅਤਾਂ ਨੂੰ ਅਕਾਲੀ ਦਲ ਵਾਰਿਸ ਪੰਜਾਬ ਦੇ ਵਿੱਚ ਮਿਲੇਗਾ ਪੂਰਾ ਮਾਨ-ਸਨਮਾਨ : ਬਾਪੂ ਤਰਸੇਮ ਸਿੰਘ

## ਉੱਗੇ ਸਮਾਜ ਸੇਵਕ ਸ੍ਰ ਬਰਜਿੰਦਰ ਸਿੰਘ ਹੁਸੈਨਪੁਰੀ ਦੀ ਅਕਾਲੀ ਦਲ ਵਾਰਿਸ ਪੰਜਾਬ ਦੇ ਵਿੱਚ ਸ਼ਮੂਲੀਅਤ ਨਾਲ ਪੰਜਾਬੀ ਹੱਕਾਂ ਦੀ ਲੜਾਈ ਨੂੰ ਮਿਲੀ ਨਵੀਂ ਤਾਕਤ




ਜਲੰਧਰ 9 ਜਨਵਰੀ (ਆਵਾਜ਼ਿ ਕੌਮ ਬਿਊਰੋ)- ਅੱਜ ਜਲੰਧਰ ਸਥਿਤ ਪ੍ਰੈਸ ਕਲੱਬ ਵਿੱਚ ਇਕ ਅਹਿਮ ਪ੍ਰੈਸ ਕਾਨਫਰੰਸ ਦੌਰਾਨ ਉੱਗੇ ਸਮਾਜ ਸੇਵਕ, ਪੰਥਕ ਸੋਚ ਦੇ ਧਾਰਕ ਅਤੇ ਲੋਕ ਮਸਲਿਆਂ ਨਾਲ ਜੁੜੀ ਰਹਿਣ ਵਾਲੀ ਪ੍ਰਮੁੱਖ ਸ਼ਖਸੀਅਤ ਸ੍ਰੀ ਬਰਜਿੰਦਰ ਸਿੰਘ ਹੁਸੈਨਪੁਰੀ ਦੇ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਰਸਮੀਂ ਤੌਰ 'ਤੇ ਐਲਾਨ ਕੀਤਾ ਗਿਆ। ਇਸ ਮੌਕੇ ਤੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਦੇ ਪਿਤਾ ਬਾਪੂ ਤਰਸੇਮ ਸਿੰਘ ਜੀ ਇਲਾਵਾ ਭਾਈ ਅਮਰਜੀਤ ਸਿੰਘ ਵੰਨਚਿੜੀ, ਭਾਈ ਹਰਭਜਨ ਸਿੰਘ ਤੁੜ, ਭਾਈ ਪਰਮਜੀਤ ਸਿੰਘ ਜੌਹਲ, ਜਥੇਦਾਰ ਬਹਾਦਰ ਸਿੰਘ ਅਤੇ ਸ੍ਰ ਪ੍ਰਭਜੋਤ ਸਿੰਘ ਰਾਹੋਂ ਵੀ ਮੌਜੂਦ ਸਨ। ਮੀਡੀਆ ਇੰਚਾਰਜ ਭਾਈ ਸ਼ਮਸ਼ੇਰ ਸਿੰਘ ਪੱਧਰੀ ਦੁਆਰਾ ਜਾਰੀ ਪ੍ਰੈਸ ਨੋਟ ਰਾਹੀਂ ਉਹਨਾਂ ਦੱਸਿਆ ਕਿ ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਬਾਪੂ ਤਰਸੇਮ ਸਿੰਘ ਨੇ ਸ੍ਰ ਬਰਜਿੰਦਰ ਸਿੰਘ ਹੁਸੈਨਪੁਰੀ ਦਾ ਪਾਰਟੀ ਵਿੱਚ ਸ਼ਾਮਿਲ ਹੋਣ ਤੇ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਹਮੇਸ਼ਾ ਉਹਨਾਂ ਲੋਕਾਂ ਨੂੰ ਮਾਣ-ਸਨਮਾਨ ਦਿੰਦਾ ਆਇਆ ਹੈ, ਜੋ ਸੱਤਾ ਦੇ ਲਾਲਚ ਤੋਂ ਉੱਪਰ ਉਠ ਕੇ ਪੰਜਾਬ, ਪੰਜਾਬੀ ਅਤੇ ਪੰਥ ਦੇ ਹੱਕਾਂ ਲਈ ਨਿਰਭੀਕ ਅਵਾਜ਼ ਬਣਦੇ ਹਨ। ਬਾਪੂ ਤਰਸੇਮ ਸਿੰਘ ਜੀ ਨੇ ਕਿਹਾ ਕਿ ਅੱਜ ਪੰਜਾਬ ਗੰਭੀਰ ਸਮਾਜਿਕ, ਆਰਥਿਕ, ਸਿਆਸੀ ਅਤੇ ਪੰਥਕ ਸੰਕਟਾਂ ਵਿੱਚੋਂ ਗੁਜ਼ਰ ਰਿਹਾ ਹੈ। ਐਸੇ ਸਮੇਂ ਵਿੱਚ ਉਹ ਸ਼ਖਸੀਅਤਾਂ ਜੋ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਜੁੜ ਕੇ ਕੰਮ ਕਰਦੀਆਂ ਰਹੀਆਂ ਹਨ, ਉਨ੍ਹਾਂ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸ੍ਰ ਬਰਜਿੰਦਰ ਸਿੰਘ ਹੁਸੈਨਪੁਰੀ ਵਰਗੇ ਸਮਰਪਿਤ ਸਮਾਜ ਸੇਵਕ ਦੀ ਸ਼ਮੂਲੀਅਤ ਨਾਲ ਪਾਰਟੀ ਦੀ ਲੜਾਈ ਨੂੰ ਹੋਰ ਦਿਸ਼ਾ ਅਤੇ ਗਤੀ ਮਿਲੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਕਿਸੇ ਵੀ ਤਰ੍ਹਾਂ ਦੀ ਸੌਦੇਬਾਜ਼ੀ ਜਾਂ ਕੁਰਸੀ ਦੀ ਰਾਜਨੀਤੀ 'ਤੇ ਵਿਸ਼ਵਾਸ ਨਹੀਂ ਰੱਖਦਾ, ਸਗੋਂ ਇਹ ਪਾਰਟੀ ਗੁਰੂ ਸਾਹਿਬਾਨ ਦੀ ਸੋਚ, ਸਿੱਖੀ ਸਿਧਾਂਤਾਂ ਅਤੇ ਪੰਜਾਬੀ ਪਹਿਚਾਣ ਦੀ ਰੱਖਿਆ ਨੂੰ ਆਪਣਾਂ ਮੁੱਖ ਧੁਰਾ ਮੰਨਦੀ ਹੈ। ਉਨ੍ਹਾਂ ਕਿਹਾ ਕਿ ਜੋ ਵੀ ਵਿਅਕਤੀ ਪਾਰਟੀ ਨਾਲ ਜੁੜਦਾ ਹੈ, ਉਸ ਨੂੰ ਸਿਰਫ਼ ਅਹੁੱਦਾ ਹੀ ਨਹੀਂ ਸਗੋਂ ਬਣਦਾ ਮਾਨ ਸਨਮਾਨ ਵੀ ਮਿਲਦਾ ਹੈ। ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਸ੍ਰੀ ਬਰਜਿੰਦਰ ਸਿੰਘ ਹੁਸੈਨਪੁਰੀ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਪੰਜਾਬ ਦੀ ਸਿਆਸਤ ਨੂੰ ਨਜ਼ਦੀਕੋਂ ਦੇਖ ਰਹੇ ਹਨ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਸਾਫ਼-ਸੁਥਰੀ, ਨਿਰਭੀਕ ਅਤੇ ਲੋਕਪੱਖੀ ਸੋਚ ਨੇ ਉਨ੍ਹਾਂ ਨੂੰ ਖਾਸ ਤੌਰ 'ਤੇ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਨੂੰ ਉਹਨਾਂ ਆਗੂਆਂ ਦੀ ਲੋੜ ਹੈ ਜੋ ਸੱਚ ਬੋਲਣ ਦੀ ਹਿੰਮਤ ਰੱਖਦੇ ਹੋਣ, ਭਾਵੇਂ ਉਸਦੀ ਕੀਮਤ ਕਿਉਂ ਨਾ ਚੁਕਾਣੀ ਪਵੇ। ਸ੍ਰ ਹੁਸੈਨਪੁਰੀ ਨੇ ਇਹ ਵੀ ਕਿਹਾ ਕਿ ਉਹ ਪਾਰਟੀ ਦੇ ਸਿਧਾਂਤਾਂ ਨੂੰ ਜ਼ਮੀਨੀ ਪੱਧਰ 'ਤੇ ਲੈ ਕੇ ਜਾਣ ਲਈ ਪੂਰੀ ਤਨਦੇਹੀ, ਇਮਾਨਦਾਰੀ ਅਤੇ ਸਮਰਪਣ ਨਾਲ ਕੰਮ ਕਰਨਗੇ ਅਤੇ ਲੋਕਾਂ ਦੇ ਹੱਕਾਂ ਦੀ ਆਵਾਜ਼ ਹਰ ਮੰਚ 'ਤੇ ਬੁਲੰਦ ਕੀਤੀ ਜਾਵੇਗੀ।

# ਹੜ੍ਹ ਪੀੜਤ ਕਿਸਾਨਾਂ ਨੂੰ ਇਨਸਾਫ਼ ਮਿਲਣ ਤੱਕ ਸੰਘਰਸ਼ ਜਾਰੀ ਰਹੇਗਾ : ਅਕਾਲੀ ਦਲ ਵਾਰਿਸ ਪੰਜਾਬ ਦੇ

## ਹਰੀਕੇ ਹੈਡ ਵਿਖੇ ਲੱਗੇ ਅਣਮਿੱਥੇ ਸਮੇਂ ਦੇ ਧਰਨੇ ਵਿੱਚ ਮੁੱਖ ਬੁਲਾਰੇ ਭਾਈ ਦਲਜੀਤ ਸਿੰਘ ਜਵੰਦਾ ਦੀ ਹਾਜ਼ਰੀ, ਕਿਸਾਨ ਜਥੇਬੰਦੀਆਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ



ਹਰੀਕੇ, 9 ਜਨਵਰੀ ( ਆਵਾਜ਼ਿ ਕੌਮ ਬਿਊਰੋ)- ਹਰੀਕੇ ਹੈਡ ਵਿਖੇ ਹੜ੍ਹ ਪੀੜਤ ਕਿਸਾਨ ਸੰਘਰਸ਼ ਕਮੇਟੀ ਵੱਲੋਂ ਹੜ੍ਹ ਪੀੜਤ ਕਿਸਾਨਾਂ ਨੂੰ ਇਨਸਾਫ਼ ਦਿਵਾਉਣ ਲਈ ਲਗਾਏ ਗਏ ਅਣਮਿਥੇ ਸਮੇਂ ਦੇ ਧਰਨੇ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਮੁੱਖ ਬੁਲਾਰੇ ਭਾਈ ਦਲਜੀਤ ਸਿੰਘ ਜਵੰਦਾ ਨੇ ਹਾਜ਼ਰੀ ਭਰ ਕੇ ਪਾਰਟੀ ਵੱਲੋਂ ਕਿਸਾਨ ਸੰਘਰਸ਼ ਨਾਲ ਪੂਰੀ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ। ਅਕਾਲੀ ਦਲ ਵਾਰਿਸ ਪੰਜਾਬ ਦੇ ਮੀਡੀਆ ਇੰਚਾਰਜ ਭਾਈ ਸ਼ਮਸ਼ੇਰ ਸਿੰਘ ਪੱਧਰੀ ਵੱਲੋਂ ਭੇਜੇ ਪ੍ਰੈਸ ਨੋਟ ਰਾਹੀਂ ਭਾਈ ਦਲਜੀਤ ਸਿੰਘ ਜਵੰਦਾ ਨੇ ਕਿਹਾ ਕਿ ਹੜ੍ਹਾਂ ਕਾਰਨ ਕਿਸਾਨਾਂ ਦੀ ਫ਼ਸਲ, ਘਰਾਂ ਅਤੇ ਰੋਜ਼ੀ-ਰੋਟੀ ਨੂੰ ਹੋਇਆ ਭਾਰੀ ਨੁਕਸਾਨ ਸਰਕਾਰ ਦੀ ਅਣਗਹਿਲੀ ਅਤੇ ਨਾਕਾਮ ਨੀਤੀਆਂ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਹਰ ਵਾਰ ਕੁਦਰਤੀ ਆਫ਼ਤਾਂ ਦੇ ਨਾਂ 'ਤੇ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਲੈਂਦੀਆਂ ਹਨ, ਪਰ ਅਸਲ ਸੱਚ ਇਹ ਹੈ ਕਿ ਹੜ੍ਹਾਂ ਨਾਲ ਹੋ ਰਹੇ ਨੁਕਸਾਨ ਨੂੰ ਰੋਕਣ ਅਤੇ ਪੀੜਤਾਂ ਨੂੰ ਸਮੇਂ-ਸਿਰ ਮੁਆਵਜ਼ਾ ਦੇਣ ਵਿੱਚ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਰਹੀ ਹੈ। ਭਾਈ ਜਵੰਦਾ ਨੇ ਧਰਨੇ 'ਚ ਸ਼ਾਮਲ ਕਿਸਾਨ ਜਥੇਬੰਦੀਆਂ ਨੂੰ ਭਰੋਸਾ ਦਿਵਾਇਆ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਹਮੇਸ਼ਾ ਕਿਸਾਨੀ ਹਿੱਤਾਂ ਹੱਕ ਵਿੱਚ ਹੈ ਅਤੇ ਅੱਗੇ ਵੀ ਹਰ ਸੰਘਰਸ਼ ਵਿੱਚ ਕਿਸਾਨਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਾ ਰਹੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਪਾਰਟੀ ਕਿਸਾਨਾਂ ਦੀ ਲੜਾਈ ਨੂੰ ਸਿਰਫ਼ ਧਰਨਿਆਂ ਤੱਕ ਸੀਮਿਤ ਨਹੀਂ ਰਹਿਣ ਦੇਵੇਗੀ, ਸਗੋਂ ਹਰ ਲੋਕਤੰਤਰਿਕ ਅਤੇ ਸੰਵਿਧਾਨਕ ਮੰਚ 'ਤੇ ਇਸ ਮਸਲੇ ਨੂੰ ਉਠਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਹੜ੍ਹ ਪੀੜਤ ਕਿਸਾਨਾਂ ਨੂੰ ਤੁਰੰਤ ਯੋਗ ਮੁਆਵਜ਼ਾ, ਕਰਜ਼ਾ ਮੁਆਫ਼ੀ, ਨੁਕਸਾਨੀ ਫ਼ਸਲ ਦੀ ਪੂਰੀ ਭਰਪਾਈ ਅਤੇ ਭਵਿੱਖ ਵਿੱਚ ਹੜ੍ਹਾਂ ਤੋਂ ਬਚਾਅ ਲਈ ਢੁੱਕਵੇਂ ਪ੍ਰਬੰਧ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਜਦ ਤੱਕ ਇਹ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਉਦੋਂ ਤੱਕ ਸੰਘਰਸ਼ ਜਾਰੀ ਰਹਿਣਾ ਜਾਇਜ਼ ਹੈ। ਅਖੀਰ ਵਿੱਚ ਭਾਈ ਦਲਜੀਤ ਸਿੰਘ ਜਵੰਦਾ ਨੇ ਕਿਹਾ ਕਿ ਕਿਸਾਨ ਪੰਜਾਬ ਦੀ ਰੀੜ੍ਹ ਦੀ ਹੱਡੀ ਹਨ ਅਤੇ ਕਿਸਾਨਾਂ ਦੀ ਅਣਦੇਖੀ ਕਰਕੇ ਕੋਈ ਵੀ ਸਰਕਾਰ ਲੰਮਾ ਸਮਾਂ ਨਹੀਂ ਚੱਲ ਸਕਦੀ। ਅਕਾਲੀ ਦਲ ਵਾਰਿਸ ਪੰਜਾਬ ਦੇ ਕਿਸਾਨਾਂ ਦੇ ਸਨਮਾਨ, ਹੱਕਾਂ ਅਤੇ ਇਨਸਾਫ਼ ਦੀ ਲੜਾਈ ਨੂੰ ਹੋਰ ਤੇਜ਼ ਕਰੇਗਾ।

# ਸਰਦੀਆਂ ਵਿੱਚ ਬਜ਼ੁਰਗਾਂ, ਬੱਚਿਆਂ ਅਤੇ ਗਰਭਵਤੀ ਔਰਤਾਂ ਨੂੰ ਸਿਹਤ ਦਾ ਖਾਸ ਧਿਆਨ ਰੱਖਣ ਦੀ ਲੋੜ : ਐਸ ਆਈ ਅਸ਼ੋਕ ਕੁਮਾਰ



ਧੂਰੀ, 9 ਜਨਵਰੀ (ਰਣਜੀਤ ਸਿੰਘ ਪੇਧਨੀ)- ਸਿਵਲ ਸਰਜਨ ਸੰਗਰੂਰ ਡਾ.ਅਮਰਜੀਤ ਕੌਰ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਐਸ ਐਮ ਓ ਡਾਕਟਰ ਜਸਦੀਪ ਸਿੰਘ ਜੀ ਦੀ ਯੋਗ ਅਗਵਾਈ ਵਿੱਚ ਅਸ਼ੋਕ ਐਸ ਆਈ ਨੇ ਪਿੰਡ ਕਾਂਝਲਾ ਵਿਖੇ ਵੱਧ ਰਹੀ ਸਰਦੀ ਤੋਂ ਬਚਾਓ ਬਾਰੇ ਲੋਕਾਂ ਜਾਗਰੂਕ ਕੀਤਾ ਗਿਆ ਕਿ ਸਰਦੀ ਨਾਲ ਬਜ਼ੁਰਗਾਂ, ਬੱਚਿਆਂ ਅਤੇ ਗਰਭਵਤੀ ਔਰਤਾਂ ਤੇ ਵੱਧ ਪ੍ਰਭਾਵ ਪੈਂਦਾ ਹੈ ਇਸ ਲਈ ਉਹਨਾਂ ਦੀ ਖਾਸ ਦੇਖਭਾਲ ਕਰਨੀ ਚਾਹੀਦੀ ਹੈ। ਠੰਡ ਅਤੇ ਧੁੰਦ ਵਿੱਚ ਬਜ਼ੁਰਗਾਂ ਅਤੇ ਦਿਲ ਦੇ ਰੋਗੀਆਂ ਨੂੰ ਸਵੇਰੇ ਜਾਂ ਦੇਰ ਸ਼ਾਮ ਘਰ ਤੋਂ ਬਾਹਰ ਨਿਕਲਣ ਜਾਂ ਸੈਰ ਕਰਨ ਤੋਂ ਬਚਣਾ ਚਾਹੀਦਾ ਹੈ। ਇਸ ਮੌਸਮ ਵਿੱਚ ਛੋਟੇ ਬੱਚਿਆਂ ਨੂੰ ਨਮੂਨੀਆ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ ਉਹਨਾਂ ਨੂੰ ਠੰਡ ਕਾਰਨ ਉਲਟੀ ਅਤੇ ਦਸਤ ਵੀ ਲੱਗ ਸਕਦੇ ਹਨ ਇਸ ਲਈ ਛੋਟੇ ਬੱਚਿਆਂ ਨੂੰ ਪੂਰੇ ਸਰੀਰ ਨੂੰ ਢੱਕਣ ਵਾਲੇ ਕੱਪੜੇ ਪਾਓ ਨਾਲ ਹੀ ਬੱਚਿਆਂ ਨੂੰ ਸਿਰ ਢੱਕਣ ਲਈ ਟੋਪੀ, ਹੱਥਾਂ ਅਤੇ ਪੈਰਾਂ ਵਿੱਚ ਦਸਤਾਨੇ ਅਤੇ ਜੁਰਾਬਾਂ ਪਾਓ। ਬੱਚਿਆਂ ਨੂੰ ਨੰਗੇ ਪੈਰ ਨਾ ਚੱਲਣ ਦਿਓ । ਸਰਦੀਆਂ ਦੇ ਮੌਸਮ ਦੌਰਾਨ ਘਰ ਦੇ ਕਿਸੇ ਵੀ ਬੰਦ ਕਮਰੇ ਵਿੱਚ ਅੱਗ ਨਾ ਬਾਲੋ ਕਿਉਂਕਿ ਬਲਦੀ ਅੱਗ ਕਾਰਨ ਕਾਰਬਨ ਮੋਨੋ ਆਕਸਾਈਡ ਗੈਸ ਪੈਦਾ ਹੁੰਦੀ ਹੈ ਅਤੇ ਆਕਸੀਜਨ ਦੀ ਕਮੀ ਦਾ ਕਾਰਨ ਬਣਦੀ ਹੈ ਜੋ ਸਾਡੇ ਲਈ ਜਾਨਲੇਵਾ ਹੋ ਸਕਦੀ ਹੈ। ਜੇ ਕਰ ਵਿਅਕਤੀ ਨੂੰ ਠੰਡ ਲੱਗਣਾ, ਬੁਖਾਰ ਹੋਣਾ ਅਤੇ ਕਾਂਬਾ ਛਿੜਨ ਦੇ ਲੱਛਣ ਹੋ ਹੋਣ ਅਤੇ ਸਰੀਰ ਦਾ ਤਾਪਮਾਨ ਘੱਟ ਹੋ ਜਾਵੇ , ਲੰਬੇ ਸਮੇਂ ਤੱਕ ਸਰਦੀ -ਜ਼ੁਕਾਮ, ਅਤੇ ਸਰਦੀ ਕਾਰਨ ਉਂਗਲੀਆਂ, ਪੈਰਾਂ ਦੀਆਂ ਉਂਗਲੀਆਂ, ਨੱਕ ਜਾਂ ਕੰਨ ਦੇ ਬਾਹਰੀ ਹਿੱਸੇ ਤੇ ਛਾਲੇ ਹੋਣ ਵਰਗੇ ਲੱਛਣ ਦਿਖਾਈ ਦੇਣ ਤਾਂ ਤੁਰੰਤ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ। ਠੰਡ ਤੋਂ ਬਚਾਓ ਲਈ ਸੂਪ, ਚਾਹ, ਕੌਫੀ ਵਰਗੀਆਂ ਗ਼ਰਮ ਚੀਜ਼ਾਂ ਅਤੇ ਸੰਤੁਲਿਤ ਭੋਜਨ ਲੈਣਾ ਚਾਹੀਦਾ ਹੈ। ਸਰਦੀਆਂ ਵਿੱਚ ਸਰੀਰ ਦਾ ਤਾਪਮਾਨ ਨੌਰਮਲ ਬਣਾਈ ਰੱਖਣ ਲਈ ਇੱਕ ਤੋਂ ਜਿਆਦਾ ਪਰਤਾਂ ਦੇ ਕੱਪੜੇ ਪਹਿਨੇ ਜਾਣੇ ਚਾਹੀਦੇ ਹਨ । ਸਰੀਰ ਦਾ ਤਾਪਮਾਨ ਸੰਤੁਲਿਤ ਰੱਖਣ ਲਈ ਪੌਸ਼ਟਿਕ ਭੋਜਨ ਖਾਣਾ ਜ਼ਰੂਰੀ ਹੈ। ਵਿਟਾਮਿਨ ਸੀ ਨਾਲ ਭਰਪੂਰ ਫਲ ਅਤੇ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ। ਸਰੀਰ ਵਿੱਚ ਪਾਣੀ ਦੀ ਕਮੀ ਨੂੰ ਪੂਰਾ ਕਰਨ ਲਈ ਨਿਅਮਿਤ ਅੰਤਰਾਲ ਤੇ ਜਾਂ ਲੋੜ ਅਨੁਸਾਰ ਗੁਨਗੁਨਾਂ ਪਾਣੀ ਪੀਣਾ ਚਾਹੀਦਾ ਹੈ ਉਹਨਾਂ ਕਿਹਾ ਕਿ ਸੰਘਣੀ ਧੁੰਦ ਦੇ ਕਾਰਨ ਹੋਣ ਵਾਲੀਆਂ ਦੁਰਘਟਨਾਵਾਂ ਤੋਂ ਬਚਣ ਲਈ ਟ੍ਰੈਫਿਕ ਨਿਯਮਾਂ ਦਾ ਪਾਲਨ ਕਰਨਾ ਚਾਹੀਦਾ ਹੈ।

# ਇੱਕ ਨਜ਼ਰ ...




## ਨਿੱਝਰ ਕਤਲ ਮਾਮਲੇ 'ਚ ਇਨਸਾਫ਼ ਤੋਂ ਪਹਿਲਾਂ ਡੇਵਿਡ ਏਬੀ ਦਾ ਭਾਰਤ ਦੌਰਾ ਕਬੂਲ ਨਹੀਂ - ਗੁਰੂ ਨਾਨਕ ਗੁਰਦੁਆਰਾ

ਡੈਲਟਾ ਸਰੀ , 9 ਜਨਵਰੀ (ਆਵਾਜ਼ਿ ਕੌਮ ਬਿਊਰੋ)- ਸਰਬਜੀਤ ਸਿੰਘ ਬਨੂੜ- ਗੁਰੂ ਨਾਨਕ ਸਿੱਖ ਗੁਰਦੁਆਰਾ ਡੈਲਟਾ ਸਰੀ ਦੀ ਪ੍ਰਬੰਧਕ ਕਮੇਟੀ ਨੇ ਬੀ.ਸੀ. ਦੇ ਪ੍ਰੀਮੀਅਰ ਡੇਵਿਡ ਏਬੀ ਦੀ ਭਾਰਤ ਯਾਤਰਾ ਦਾ ਕੜਾ ਵਿਰੋਧ ਕਰਦਿਆਂ ਮੰਗ ਕੀਤੀ ਹੈ ਕਿ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਦੋਸ਼ੀਆਂ ਨੂੰ ਸਜ਼ਾ ਮਿਲਣ ਤੱਕ ਇਹ ਦੌਰਾ ਤੁਰੰਤ ਰੱਦ ਕੀਤਾ ਜਾਵੇ। ਪਰਬੰਧਕ ਕਮੇਟੀ ਨੇ ਕਿਹਾ ਕਿ ਕੈਨੇਡਾ ਸਰਕਾਰ ਖੁਦ ਭਾਰਤੀ ਏਜੰਟਾਂ 'ਤੇ ਸ਼ੱਕ ਜਤਾ ਚੁੱਕੀ ਹੈ, ਇਸ ਲਈ ਇਨਸਾਫ਼ ਤੋਂ ਬਿਨਾਂ ਇਹ ਯਾਤਰਾ ਸਿੱਖ ਭਾਈਚਾਰੇ ਦੇ ਜ਼ਖ਼ਮਾਂ 'ਤੇ ਨਮਕ ਛਿੜਕਣ ਦੇ ਬਰਾਬਰ ਹੈ।ਗੁਰਦੁਆਰੇ ਨੇ ਚੇਤਾਵਨੀ ਦਿੱਤੀ ਕਿ ਵਪਾਰ ਨੂੰ ਸੁਰੱਖਿਆ ਤੋਂ ਉੱਪਰ ਰੱਖਣਾ ਕਬੂਲ ਨਹੀਂ ਅਤੇ ਸਰਕਾਰ ਨੂੰ ਪਹਿਲਾਂ ਆਪਣੇ ਨਾਗਰਿਕਾਂ ਦੀ ਹਿਫ਼ਾਜ਼ਤ ਯਕੀਨੀ ਬਣਾਉਣੀ ਚਾਹੀਦੀ ਹੈ।ਜਿਕਰਯੋਗ ਹੈ ਕਿ ਅਕਤੂਬਰ 2024 ਵਿੱਚ RCMP ਨੇ ਭਾਰਤ ਸਰਕਾਰ 'ਤੇ ਦੋਸ਼ ਲਗਾਇਆ ਕਿ ਉਹ ਲਾਰੈਂਸ ਬਿਸ਼ਨੋਈ ਗੈਂਗ ਨਾਲ ਮਿਲ ਕੇ ਕੈਨੇਡਾ ਵਿੱਚ ਸਿੱਖਾਂ ਦੇ ਨਿਸ਼ਾਨਾ ਬਣਾਕੇ ਕਤਲ ਕਰਵਾ ਰਹੀ ਹੈ। ਬਿਸ਼ਨੋਈ ਗੈਂਗ ਅਜੇ ਵੀ ਬ੍ਰਿਟਿਸ਼ ਕੋਲੰਬੀਆ ਵਿੱਚ ਸਿੱਖ ਅਤੇ ਪੰਜਾਬੀ ਵਪਾਰੀਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਦਹਿਸ਼ਤ ਵਿੱਚ ਰੱਖ ਫਿਰੌਤੀਆ ਤੇ ਕਤਲਾਂ ਲਈ ਜਿੰਮੇਵਾਰ ਹੈ ।

## ਪੰਜਾਬ ਪੁਲਿਸ ਨੇ ਬਿਕਰਮ ਸਿੰਘ ਮਜੀਠੀਆ ਦੇ ਸੇਵਾਦਾਰ ਨੂੰ ਕੀਤਾ ਗ੍ਰਿਫ਼ਤਾਰ

### ਅੰਮ੍ਰਿਤਸਰ ਸਥਿਤ ਰਿਹਾਇਸ਼ 'ਤੇ ਸੇਵਾਦਾਰ ਵਜੋਂ ਕੰਮ ਕਰਦਾ ਸੀ ਦਵਿੰਦਰ ਵੇਰਕਾ





ਅੰਮ੍ਰਿਤਸਰ, 9 ਜਨਵਰੀ (ਆਵਾਜ਼ਿ ਕੌਮ ਬਿਊਰੋ)- ਪੰਜਾਬ ਪੁਲਿਸ ਨੇ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਜੁੜੇ ਮਾਮਲੇ ਵਿੱਚ ਵੱਡੀ ਕਾਰਵਾਈ ਕਰਦਿਆਂ ਉਨ੍ਹਾਂ ਦੇ ਸੇਵਾਦਾਰ ਦਵਿੰਦਰ ਵੇਰਕਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਦਵਿੰਦਰ ਵੇਰਕਾ ਅੰਮ੍ਰਿਤਸਰ ਸਥਿਤ ਮਜੀਠੀਆ ਦੀ ਰਿਹਾਇਸ਼ 'ਤੇ ਸੇਵਾਦਾਰ ਵਜੋਂ ਕੰਮ ਕਰਦਾ ਸੀ।ਪੁਲਿਸ ਸੂਤਰਾਂ ਮੁਤਾਬਕ ਦਵਿੰਦਰ ਵੇਰਕਾ ਨੂੰ ਅਕਾਲੀ ਆਗੂ ਦੀ ਗ੍ਰਿਫ਼ਤਾਰੀ ਤੋਂ ਬਾਅਦ ਵਿਜੀਲੈਂਸ ਦੇ ਕੇਸ ਨਾਲ ਸੰਬੰਧਿਤ ਜਾਂਚ ਦੌਰਾਨ ਹਿਰਾਸਤ ਵਿੱਚ ਲਿਆ ਗਿਆ ਹੈ।ਜਾਣਕਾਰੀ ਅਨੁਸਾਰ ਪਹਿਲਾਂ ਖਿਲਾਫ਼ ਦਰਜ ਐਫਆਈਆਰ ਵਿੱਚ ਦਵਿੰਦਰ ਵੇਰਕਾ ਦਾ ਨਾਮ ਸ਼ਾਮਲ ਨਹੀਂ ਸੀ, ਪਰ ਜਾਂਚ ਅੱਗੇ ਵਧਣ 'ਤੇ ਪੁਲਿਸ ਨੂੰ ਕੁਝ ਅਹਿਮ ਸਬੂਤ ਮਿਲੇ, ਜਿਸ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸੂਤਰਾਂ ਦਾ ਕਹਿਣਾ ਹੈ ਕਿ ਸਿਟੀ ਲਾਈਨ ਥਾਣੇ ਵਿੱਚ ਦਰਜ ਕੇਸ ਵਿੱਚ ਪੁਲਿਸ ਨੇ ਦਵਿੰਦਰ ਵੇਰਕਾ ਦਾ 2 ਦਿਨਾਂ ਦਾ ਰਿਮਾਂਡ ਹਾਸਲ ਕੀਤਾ ਹੈ, ਤਾਂ ਜੋ ਉਸ ਤੋਂ ਪੁੱਛਗਿੱਛ ਕਰਕੇ ਮਾਮਲੇ ਨਾਲ ਜੁੜੀਆਂ ਹੋਰ ਜਾਣਕਾਰੀਆਂ ਇਕੱਠੀਆਂ ਕੀਤੀਆਂ ਜਾ ਸਕਣ। ਇਸ ਮਾਮਲੇ 'ਚ ਪੁਲਿਸ ਵੱਲੋਂ ਅਜੇ ਤੱਕ ਕੋਈ ਅਧਿਕਾਰਿਕ ਬਿਆਨ ਜਾਰੀ ਨਹੀਂ ਕੀਤਾ ਗਿਆ, ਪਰ ਕਿਹਾ ਜਾ ਰਿਹਾ ਹੈ ਕਿ ਜਾਂਚ ਦੌਰਾਨ ਹੋਰ ਖੁਲਾਸੇ ਹੋ ਸਕਦੇ ਹਨ। ਦੂਜੇ ਪਾਸੇ, ਅਕਾਲੀ ਦਲ ਵੱਲੋਂ ਇਸ ਕਾਰਵਾਈ ਨੂੰ ਰਾਜਨੀਤਿਕ ਬਦਲੇ ਦੀ ਕਾਰਵਾਈ ਕਰਾਰ ਦਿੱਤਾ ਜਾ ਰਿਹਾ ਹੈ।

## ਪੰਥ ਲਈ ਵੱਡਾ ਘਾਟਾ: ਭਾਈ ਕੰਵਰ ਸਿੰਘ ਧਾਮੀ ਜੀ ਅਕਾਲ ਚਲਾਣਾ ਕਰ ਗਏ



ਚੰਡੀਗੜ੍ਹ, 9 ਜਨਵਰੀ (ਆਵਾਜ਼ਿ ਕੌਮ ਬਿਊਰੋ)- ਸਿੱਖ ਪੰਥ ਨੂੰ ਅੱਜ ਇੱਕ ਵੱਡਾ ਝਟਕਾ ਲੱਗਾ ਹੈ। ਪੰਥਕ ਸੇਵਾ ਅਤੇ ਸਿਧਾਂਤਾਂ ਲਈ ਜੀਵਨ ਸਮਰਪਿਤ ਕਰਨ ਵਾਲੇ ਭਾਈ ਕੰਵਰ ਸਿੰਘ ਧਾਮੀ ਜੀ (ਪਲਸੋਰਾ ਵਾਲੇ), ਜੋ ਅਕਾਲ ਅਸਰਾ ਟਰੱਸਟ ਨਾਲ ਗਹਿਰੇ ਤੌਰ 'ਤੇ ਜੁੜੇ ਹੋਏ ਸਨ, ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਵਿਰਾਜੇ ਹਨ। ਉਹ ਚੰਡੀਗੜ੍ਹ ਦੇ ਸੈਕਟਰ 32 ਸਥਿਤ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਅਧੀਨ ਸਨ, ਜਿੱਥੇ ਉਹਨਾਂ ਨੇ ਆਖਰੀ ਸਾਹ ਲਏ। ਭਾਈ ਕੰਵਰ ਸਿੰਘ ਧਾਮੀ ਜੀ ਦਾ ਨਾਂ ਸਿੱਖ ਇਤਿਹਾਸ ਵਿੱਚ ਉਸ ਮਹਾਨ ਸੇਵਾ ਨਾਲ ਜੁੜਿਆ ਹੋਇਆ ਹੈ ਜਿਸ ਨੇ 1990ਆਂ ਦੇ ਦੌਰ ਵਿੱਚ ਪੰਜਾਬ ਪੁਲਿਸ ਦੇ ਸਾਬਕਾ ਡੀਜੀਪੀ ਕੇ.ਪੀ.ਐੱਸ. ਗਿੱਲ ਵਰਗੇ ਅਧਿਕਾਰੀਆਂ ਦੀਆਂ ਅੱਤਵਾਦ ਵਿਰੋਧੀ ਨੀਤੀਆਂ ਨੂੰ ਬੇਨਕਾਬ ਕੀਤਾ ਅਤੇ ਉਸ ਦੀ ਇੱਜ਼ਤ ਨੂੰ ਠੇਸ ਪਹੁੰਚਾਈ। ਉਸ ਘਟਨਾ ਨੂੰ ਪੰਥਕ ਹਲਕਿਆਂ ਵਿੱਚ "ਛਿਤਰ ਫੇਰਨ" ਵਜੋਂ ਯਾਦ ਕੀਤਾ ਜਾਂਦਾ ਹੈ, ਜੋ ਪੰਥ ਦੇ ਦੁੱਖਾਂ ਅਤੇ ਜ਼ੁਲਮਾਂ ਵਿਰੁੱਧ ਇੱਕ ਪ੍ਰਤੀਕਾਤਮਕ ਕਾਰਵਾਈ ਸੀ।ਇਸ ਸੇਵਾ ਨੂੰ ਪੰਥ ਨੇ ਹਮੇਸ਼ਾ ਸਰਾਹਿਆ ਹੈ ਅਤੇ ਇਸ ਨੂੰ ਇੱਕ ਮਹਾਨ ਕੁਰਬਾਨੀ ਵਜੋਂ ਦੇਖਿਆ ਜਾਂਦਾ ਹੈ। ਭਾਈ ਸਾਹਿਬ ਜੀ ਪਲਸੋਰਾ ਪਿੰਡ ਨਾਲ ਸਬੰਧਤ ਸਨ ਅਤੇ ਅਕਾਲ ਅਸਰਾ ਟਰੱਸਟ ਰਾਹੀਂ ਪੰਥਕ ਸੇਵਾਵਾਂ ਵਿੱਚ ਵੱਡਾ ਯੋਗਦਾਨ ਪਾਇਆ। ਉਹਨਾਂ ਨੇ ਆਪਣੀ ਜਿੰਦਗੀ ਪੰਥ ਦੇ ਸਿਧਾਂਤਾਂ, ਨਿਆਂ ਅਤੇ ਅਧਿਕਾਰਾਂ ਲਈ ਲੜਨ ਵਿੱਚ ਬਿਤਾਈ। ਉਹਨਾਂ ਦੇ ਅਕਾਲ ਚਲਾਣੇ ਨਾਲ ਪੰਥ ਨੇ ਇੱਕ ਅਜਿਹੇ ਸੂਰਬੀਰ ਨੂੰ ਗੁਆ ਲਿਆ ਹੈ ਜੋ ਮੁਸੀਬਤਾਂ ਦੇ ਦੌਰ ਵਿੱਚ ਵੀ ਡਟ ਕੇ ਖੜ੍ਹਾ ਰਿਹਾ। ਪੰਥਕ ਹਲਕਿਆਂ ਵਿੱਚ ਸੋਗ ਦੀ ਲਹਿਰ ਹੈ। ਕਈ ਪੰਥਕ ਜਥੇਬੰਦੀਆਂ ਅਤੇ ਵਿਅਕਤੀਆਂ ਨੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਵਾਹਿਗੁਰੂ ਜੀ ਅੱਗੇ ਅਰਦਾਸ ਹੈ ਕਿ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦੀ ਸ਼ਕਤੀ ਦੇਣ।

# ਵਿੱਤ ਮੰਤਰੀ ਦੇ ਹਲਕੇ 'ਚ ਗਰਜਣਗੇ ਜਲ ਸਪਲਾਈ ਵਿਭਾਗ ਦੇ ਠੇਕਾ ਮੁਲਾਜ਼ਮ: ਰੁਪਿੰਦਰ ਸਿੰਘ

## ਦਿੜ੍ਹਬਾ ਚ ਹੋਣ ਵਾਲੀ ਪੰਜਾਬ ਪੱਧਰੀ ਰੈਲੀ ਤੇ 24 ਜਨਵਰੀ ਨੂੰ ਜਲ ਸਪਲਾਈ ਵਿਭਾਗ ਦੇ ਇੰਨਲਿਸਟਮੈਂਟ ਆਊਟਸੋਰਸ ਵਰਕਰ ਆਪਣੇ ਪਰਿਵਾਰਾਂ ਸਮੇਤ ਸ਼ਾਮਲ ਹੋਣਗੇ



ਫ਼ਿਰੋਜ਼ਪੁਰ, 9 ਜਨਵਰੀ (ਮਨੋਹਰ ਲਾਲ) : ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਜਿਲ੍ਹਾ ਕਮੇਟੀ ਫਿਰੋਜ਼ਪੁਰ ਦੀ ਮੀਟਿੰਗ ਜਲ ਸਪਲਾਈ ਦਫ਼ਤਰ ਵਿਖੇ ਜਿਲ੍ਹਾ ਪ੍ਰਧਾਨ ਬਲਜੀਤ ਸਿੰਘ ਸਰਕਲ ਪ੍ਰਧਾਨ ਬਲਕਾਰ ਸਿੰਘ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਸੂਬਾਈ ਆਗੂ ਰੁਪਿੰਦਰ ਸਿੰਘ ਨੇ ਕਿਹਾ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਸਰਕਾਰ ਦੀਆਂ ਪੇਂਡੂ ਜਲ ਸਪਲਾਈ ਸਕੀਮਾਂ 'ਤੇ ਫੀਲਡ ਅਤੇ ਦਫਤਰਾਂ ਵਿਚ ਵੱਖ—ਵੱਖ ਪੋਸਟਾਂ 'ਤੇ ਰੈਗੂਲਰ ਮੁਲਾਜਮਾਂ ਦੀ ਤਰ੍ਹਾਂ ਪਿਛਲੇ 15 ਤੋਂ 20 ਸਾਲਾਂ ਦੇ ਲੰਬੇ ਅਰਸੇ ਤੋਂ ਇਕ ਵਰਕਰ ਦੇ ਰੂਪ 'ਚ ਲਗਾਤਾਰ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਠੇਕਾ ਅਧਾਰਿਤ ਵਰਕਰਾਂ ਨੂੰ ਉਨ੍ਹਾਂ ਦੇ ਤਜਰਬੇ ਦੇ ਅਧਾਰ 'ਤੇ ਸਬੰਧਤ ਵਿਭਾਗ 'ਚ ਮਰਜ ਕਰਕੇ 'ਪੱਕੇ ਰੋਜਗਾਰ' ਦਾ ਪ੍ਰਬੰਧ ਕਰਨ ਸਮੇਤ ਹੱਕੀ ਅਤੇ ਜਾਇਜ ਮੰਗਾਂ ਦਾ ਹੱਲ ਕਰਨ ਦੀ ਮੰਗ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਮੰਗ ਕੀਤੀ ਜਾ ਰਹੀ ਹੈ ਲੇਕਿਨ ਪੰਜਾਬ ਸਰਕਾਰ ਅਤੇ ਵਿਭਾਗੀ ਮੈਨੇਜਮੈਂਟ ਲਾਰੇ ਲਗਾਓ ਅਤੇ ਸਮਾਂ ਬਤੀਤ ਕਰ ਰਹੀ ਹੈ ਉਥੇ ਜਲ ਸਪਲਾਈ ਸਕੀਮਾਂ 'ਤੇ ਸਕਾਡਾ ਸਿਸਟਮ ਲਗਾ ਕੇ, ਬਲਾਕ ਪੱਧਰੀ ਨਹਿਰੀ ਪ੍ਰੋਜੈਕਟ ਲਗਾ ਕੇ ਨਿੱਜੀਕਰਨ, ਪੰਚਾਇਤੀਕਰਨ ਵਰਗੀਆਂ ਤਮਾਮ ਮਾਰੂ ਨੀਤੀਆਂ ਲਾਗੂ ਕਰਕੇ ਵਰਕਰਾਂ ਦੇ ਕੱਚੇ ਪਿੱਲੇ ਰੋਜਗਾਰ ਨੂੰ ਖੋਹ ਕੇ ਬੇਰੁਜਗਾਰ ਕਰਨ ਦੀਆਂ ਨਾਕਾਮ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਲੋਕਾਂ ਨੂੰ ਪੀਣ ਵਾਲਾ ਪਾਣੀ ਮਹਿੰਗੇ ਮੁੱਲ 'ਚ ਵੇਚਣ ਲਈ ਕਾਰਪੋਰੇਟਰਾਂ ਨੂੰ ਖੁਲ੍ਹ ਦਿੱਤੀ ਜਾ ਰਹੀ ਹੈ। ਜਿਸ ਦੇ ਵਿਰੋਧ 'ਚ ਮਜਬੂਰੀ ਵਸ ਵਰਕਰ ਆਪਣੇ ਕੱਚੇ—ਪਿੱਲੇ ਰੋਜਗਾਰ ਨੂੰ ਬਚਾਉਣ ਲਈ ਸੰਘਰਸ਼ ਦੇ ਰਾਹ ਤੁਰੇ ਹੋਏ ਹਨ। ਉਨ੍ਹਾਂ ਕਿਹਾ ਕਿ ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ ਦੇ ਪਲੇਟਫਾਰਮ ਤੋਂ ਪੰਜਾਬ ਸਰਕਾਰ ਵਿਰੁੱਧ ਪੁਰਅਮਨ ਸੰਘਰਸ਼ ਨੂੰ ਹੋਰ ਤਿੱਖਾ ਕਰਦੇ ਹੋਏ ਪੰਜਾਬ ਸਰਕਾਰ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ (ਚੇਅਰਮੈਨ ਕੈਬਨਿਟ ਸਬ ਕਮੇਟੀ) ਦੇ ਵਿਧਾਨ ਸਭਾ ਹਲਕੇ ਦਿੜ੍ਹਬਾ ਦੀ ਅਨਾਜ ਮੰਡੀ ਵਿੱਚ 24 ਜਨਵਰੀ 2026 ਨੂੰ ਪੰਜਾਬ ਪੱਧਰੀ ਰੈਲੀ ਕਰਨ ਦਾ ਐਲਾਨ ਕੀਤਾ ਗਿਆ ਹੈ, ਜਿਸ ਵਿੱਚ ਯੂਨੀਅਨ ਦੀ ਸੂਬਾ ਕਮੇਟੀ ਦੀ ਅਗਵਾਈ ਹੇਠ ਪੰਜਾਬ ਭਰ ਤੋਂ ਜਲ ਸਪਲਾਈ ਵਿਭਾਗ ਦੇ ਇਨਲਿਸਟਮੈਂਟ ਆਊਟਸੋਰਸ ਵਰਕਰ ਆਪਣੇ ਪਰਿਵਾਰਾਂ, ਬੱਚਿਆਂ ਸਮੇਤ ਸ਼ਾਮਲ ਹੋਣਗੇ।ਉਨ੍ਹਾਂ ਮੰਗ ਕੀਤੀ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਇਕ ਵਰਕਰ ਦੇ ਰੂਪ 'ਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਮੁਲਾਜਮਾਂ ਨੂੰ ਤਜਰਬੇ ਦੇ ਅਧਾਰ ਤੇ ਸਬੰਧਤ ਵਿਭਾਗ ਵਿਚ ਮਰਜ ਕਰਕੇ ਈ.ਪੀ.ਐਫ ਅਤੇ ਈ.ਐਸ.ਆਈ.ਸੀ. ਵਰਗੀਆਂ ਤਮਾਮ ਸਹੂਲਤਾਂ ਦੇਣ ਵਾਲੀ ਪਾਲਸੀ (ਤਜਵੀਜ) ਨੂੰ ਲਾਗੂ ਕਰਕੇ ਵਰਕਰਾਂ ਦਾ ਪੱਕੇ ਉਜਗਾਰ ਦਾ ਪ੍ਰਬੰਧ ਕਰਨਾ ਅਤੇ ਜਦੋਂ ਤੱਕ ਪੱਕੇ ਉਜਗਾਰ ਦਾ ਪ੍ਰਬੰਧ ਕਰਨ ਵਾਲੀ ਮੰਗ ਦਾ ਹੱਲ ਨਹੀਂ ਕੀਤਾ ਜਾਂਦਾ, ਉਸ ਸਮੇਂ ਤੱਕ ਲੇਬਰ ਕਾਨੂੰਨ 1948 ਅਤੇ 1957 ਵਿੱਚ 15ਵੀਂ ਲੇਬਰ ਕਮਿਸ਼ਨਰ ਦੀਆਂ ਸਿਫਾਰਸ਼ਾਂ ਨੂੰ ਸ਼ਾਮਲ ਕਰਕੇ ਤਨਖਾਹ ਨਿਸ਼ਚਿਤ ਕਰਕੇ ਘੱਟੋਂ—ਘੱਟ ਉਜਰਤ 34244 ਰੁਪਏ ਲਾਗੂ ਕਰਨਾ, ਵਰਕਰਾਂ ਨੂੰ ਈ.ਪੀ.ਐਫ., ਈ.ਐਸ.ਆਈ.ਸੀ ਸਹੂਲਤਾਂ ਦੇਣਾ, ਇਨਲਿਸਟਮੈਂਟ ਅਤੇ ਆਊਟਸੋਰਸ ਵਰਕਰ ਜੋ ਕਿ ਠੇਕਾ ਪ੍ਰਣਾਲੀ ਦਾ ਸੰਤਾਪ ਭੋਗਦੇ ਹੋਏ 58 ਸਾਲ ਉਮਰ ਹੋ ਗਈ ਹੈ, ਉਨ੍ਹਾਂ ਵੱਲੋਂ ਲਗਾਤਾਰ ਦਿੱਤੀਆਂ ਗਈਆਂ ਸੇਵਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਨ੍ਹਾਂ ਕਾਮਿਆਂ ਦੇ ਵਾਰਸਾਂ ਨੂੰ ਵੀ ਪੱਕੀ ਨੌਕਰੀ ਦੇਣਾ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਸਰਕਾਰ ਦੇ ਅਧੀਨ ਚੱਲ ਰਹੀਆਂ ਪੇਂਡੂ ਜਲ ਸਪਲਾਈ ਸਕੀਮਾਂ (ਜਲ ਘਰ) ਦਾ ਜਬਰੀ ਪੰਚਾਇਤੀਕਰਨ, ਸਕਾਡਾ ਪ੍ਰਣਾਲੀ ਲਗਾਉਣ ਦੀਆਂ ਨੀਤੀਆਂ ਨੂੰ ਤੁਰੰਤ ਵਾਪਸ ਲੈਣਾ, ਪੰਚਾਇਤਾਂ ਨੂੰ ਹੈਡ ਓਵਰ ਕੀਤੀਆਂ ਜਲ ਸਪਲਾਈ ਸਕੀਮਾਂ ਮੁੜ ਵਿਭਾਗ ਅਧੀਨ ਕਰਨਾ ਆਦਿ ਹੱਕੀ ਤੇ ਜਾਇਜ ਮੰਗਾਂ ਹਨ, ਦਾ ਹੱਲ ਕਰਵਾਉਣ ਤੱਕ ਜਥੇਬੰਦੀ ਵੱਲੋਂ ਪੂਰਅਮਨ ਢੰਗ ਨਾਲ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਜਿਲ੍ਹਾ ਪ੍ਰਧਾਨ ਬਲਜੀਤ ਸਿੰਘ, ਜਿਲ੍ਹਾ ਜਨਰਲ ਸਕੱਤਰ, ਹਰਜਿੰਦਰ ਸਿੰਘ ਬ੍ਰਾਂਚਾਂ ਦੇ ਪ੍ਰਧਾਨਾਂ ਨੇ ਐਲਾਨ ਕਰਦਿਆ ਕਿਹਾ ਕਿ ਜ਼ਿਲ੍ਹਾ ਫਿਰੋਜ਼ਪੁਰ ਵਿੱਚੋਂ ਜਲ ਸਪਲਾਈ ਵਰਕਰ ਆਪਣੇ ਪਰਿਵਾਰਾਂ ਅਤੇ ਬੱਚਿਆਂ ਸਮੇਤ ਸ਼ਾਮਿਲ ਹੋਣਗੇ। ਇਸ ਮੌਕੇ ਪ੍ਰੈਸ ਸਕੱਤਰ ਰਣਜੀਤ ਸਿੰਘ ਖਾਲਸਾ, ਸੁਖਦੇਵ ਸਿੰਘ, ਸਤਪਾਲ ਸਿੰਘ, ਰਮੇਸ਼ ਕੁਮਾਰ, ਗੁਰਮੁਖ ਸਿੰਘ, ਸੰਤੋਖ ਸਿੰਘ, ਸੁਖਬੀਰ ਸਿੰਘ, ਬਲਜਿੰਦਰ ਸਿੰਘ ਖਜ਼ਾਨਚੀ, ਗੁਰਪ੍ਰੀਤ ਸਿੰਘ, ਮਲਕੀਤ ਚੰਦ ਆਦਿ ਆਗੂ ਤੇ ਵਰਕਰ ਹਾਜ਼ਰ ਸਨ।

# ਤਿੰਨ ਸਾਲਾਂ ਤੋਂ ਜਾਰੀ ਕੌਮੀ ਇਨਸਾਫ਼ ਮੋਰਚਾ: ਬੰਦੀ ਸਿੰਘਾਂ ਦੀ ਰਿਹਾਈ ਲਈ ਆਰ-ਪਾਰ ਦੀ ਲੜਾਈ ਦਾ ਐਲਾਨ







ਲੰਡਨ, ਮੋਹਾਲੀ, 9 ਜਨਵਰੀ (ਸਰਬਜੀਤ ਸਿੰਘ ਬਨੂੜ ) ਚੰਡੀਗੜ੍ਹ ਵਿਖੇ ਬੰਦੀ ਸਿੰਘਾਂ ਦੀ ਰਿਹਾਈ ਲਈ ਚੱਲ ਰਹੇ ਕੌਮੀ ਇਨਸਾਫ਼ ਮੋਰਚੇ ਨੂੰ ਅੱਜ ਤਿੰਨ ਸਾਲ ਪੂਰੇ ਹੋ ਗਏ ਹਨ, ਪਰ ਭਾਰਤੀ ਰਾਜ ਦਾ ਰਵੱਈਆ ਅਜੇ ਵੀ ਹਠੀਲਾ ਅਤੇ ਭੇਦਭਾਵਪੂਰਣ ਬਣਿਆ ਹੋਇਆ ਹੈ। ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਸਿੱਖ ਰਾਜਨੀਤਕ ਕੈਦੀਆਂ ਨੂੰ ਨਾ ਤਾਂ ਰਿਹਾਈ ਮਿਲ ਰਹੀ ਹੈ ਅਤੇ ਨਾ ਹੀ ਬਹੁਤਿਆਂ ਨੂੰ ਪੈਰੋਲ। ਵਿਸ਼ੇਸ਼ ਗੱਲਬਾਤ ਕਰਦਿਆਂ ਮੋਰਚੇ ਦੇ ਕਨਵੀਨਰ ਬਾਪੂ ਗੁਰਚਰਨ ਸਿੰਘ ਨੇ ਕਿਹਾ ਕਿ 12 ਜਨਵਰੀ ਅਤੇ 26 ਜਨਵਰੀ ਨੂੰ ਪੰਜਾਬ ਭਰ ਵਿੱਚ ਟੋਲ ਪਲਾਜ਼ੇ ਬੰਦ ਕੀਤੇ ਜਾਣਗੇ ਅਤੇ ਪੰਜਾਬ ਭਾਜਪਾ ਦੇ ਦਫ਼ਤਰਾਂ ਅਤੇ ਆਗੂਆਂ ਦੇ ਘਰਾਂ ਅੱਗੇ ਰੋਸ ਪ੍ਰਦਰਸ਼ਨ ਸ਼ੁਰੂ ਕੀਤੇ ਜਾਣਗੇ ਤੇ ਵਿਦੇਸ਼ਾਂ ਵਿੱਚ ਭਾਰਤੀ ਅੰਬੈਸੀਆਂ ਦਾ ਘਿਰਾਓ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੋਰਚੇ ਦੇ ਤਿੰਨ ਸਾਲਾਂ ਦੇ ਸੰਘਰਸ਼ ਦੌਰਾਨ ਭਾਈ ਲਖਵਿੰਦਰ ਸਿੰਘ, ਭਾਈ ਸ਼ਮਸ਼ੇਰ ਸਿੰਘ ਅਤੇ ਭਾਈ ਗੁਰਮੀਤ ਸਿੰਘ ਇੰਜੀਨੀਅਰ ਨੂੰ ਜ਼ਮਾਨਤ ਮਿਲੀ ਹੈ, ਪਰ ਭਾਈ ਜਗਤਾਰ ਸਿੰਘ ਹਵਾਰਾ ਅਤੇ ਭਾਈ ਜਗਤਾਰ ਸਿੰਘ ਤਾਰਾ ਵਰਗੇ ਸਿੱਖ ਕੈਦੀਆਂ ਦੇ ਕੇਸ 15-15 ਸਾਲਾਂ ਤੱਕ ਟ੍ਰਾਇਲ ਤੋਂ ਬਿਨਾਂ ਹੀ ਲਟਕੇ ਰਹੇ, ਜਿਸ ਕਾਰਨ ਉਨ੍ਹਾਂ ਦੀ ਪੈਰੋਲ ਤੱਕ ਅਪਲਾਈ ਨਹੀਂ ਹੋ ਸਕੀ। ਮੋਰਚੇ ਨੇ ਮੌਜੂਦਾ ਪੰਜਾਬ ਸਰਕਾਰ ਨੂੰ ਵੀ ਕੜੇ ਸ਼ਬਦਾਂ ਵਿੱਚ ਘੇਰਿਆ ਅਤੇ ਕਿਹਾ ਕਿ ਇਹ ਸਰਕਾਰ ਦਿੱਲੀ ਅਤੇ ਕੇਂਦਰ ਦੀ ਭਾਜਪਾ ਦੇ ਹੁਕਮਾਂ ਦੀ ਗੁਲਾਮ ਬਣੀ ਹੋਈ ਹੈ। ਪੰਥ ਅਤੇ ਪੰਜਾਬੀਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਇਸਦੇ ਏਜੰਡੇ ਵਿੱਚ ਸ਼ਾਮਲ ਨਹੀਂ। ਐਨ.ਐਸ.ਏ. ਲਗਾ ਕੇ ਬਿਨਾਂ ਮੁਕੱਦਮੇ ਚਲਾਏ ਨੌਜਵਾਨਾਂ ਨੂੰ ਜੇਲ੍ਹਾਂ ਵਿੱਚ ਡੱਕਣਾ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਨਾ ਕਰਨਾ ਇਸ ਗੱਲ ਦਾ ਸਾਫ਼ ਸਬੂਤ ਹੈ ਕਿ ਸਾਰੇ ਫ਼ੈਸਲੇ ਕੇਂਦਰ ਤੋਂ ਹੋ ਰਹੇ ਹਨ। ਬਾਪੂ ਗੁਰਚਰਨ ਸਿੰਘ ਨੇ ਵੱਖ-ਵੱਖ ਜਥੇਬੰਦੀਆਂ ਨੂੰ ਮੋਰਚੇ ਨਾਲ ਜੁੜਨ ਦੀ ਅਪੀਲ ਕੀਤੀ। ਮੋਰਚੇ ਨੇ ਸਾਫ਼ ਕੀਤਾ ਕਿ ਹੁਣ ਲੜਾਈ ਸਿੱਧੀ ਤਰ੍ਹਾਂ ਭਾਜਪਾ ਖ਼ਿਲਾਫ਼ ਲੜੀ ਜਾਵੇਗੀ ਅਤੇ ਜਦ ਤੱਕ ਬੰਦੀ ਸਿੰਘਾਂ ਨੂੰ ਇਨਸਾਫ਼ ਨਹੀਂ ਮਿਲਦਾ, ਸੰਘਰਸ਼ ਹੋਰ ਤੇਜ਼ ਅਤੇ ਵਿਸ਼ਾਲ ਕੀਤਾ ਜਾਂਦਾ ਰਹੇਗਾ। ਬੁਲਾਰਿਆਂ ਨੇ ਕਿਹਾ ਕਿ ਇੱਕ ਪਾਸੇ ਬਲਾਤਕਾਰ ਅਤੇ ਕਤਲ ਦੇ ਦੋਸ਼ੀ ਸੌਦਾ ਸਾਧ ਵਰਗੇ ਲੋਕਾਂ ਨੂੰ ਪੈਰੋਲ ਮਿਲਣਾ ਆਮ ਗੱਲ ਬਣ ਚੁੱਕੀ ਹੈ, ਪਰ ਦੂਜੇ ਪਾਸੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀ ਅਜੇ ਵੀ ਜੇਲ੍ਹਾਂ ਵਿੱਚ ਸੜ ਰਹੇ ਹਨ। ਇਹ ਭਾਰਤੀ ਨਿਆਂ ਪ੍ਰਣਾਲੀ ਦੇ ਦੋਹਰੇ ਮਾਪਦੰਡ ਦਾ ਨੰਗਾ ਚਿੱਤਰ ਹੈ। ਇਸ ਮੌਕੇ ਪੰਜਾਬ ਭਰ ਤੋਂ ਕਿਸਾਨ, ਮਜ਼ਦੂਰ, ਧਾਰਮਿਕ ਅਤੇ ਵਪਾਰੀ ਆਗੂਆਂ ਸਮੇਤ ਬਲਵੀਰ ਸਿੰਘ ਬੇਰੋਪੁਰ, ਬਲਵਿੰਦਰ ਸਿੰਘ ਕਾਲਾ ਝਾੜ, ਗੁਰਦੀਪ ਸਿੰਘ ਬਠਿੰਡਾ, ਪਾਲ ਸਿੰਘ ਫਰਾਂਸ, ਬਾਬਾ ਮਨਮੋਹਨ ਸਿੰਘ ਬਾਰਨ ਵਾਲੇ, ਤਰੁਣ ਜੈਨ ਬਾਵਾ, ਬਲਵਿੰਦਰ ਸਿੰਘ ਫਿਰੋਜ਼ਪੁਰ, ਪਾਲ ਸਿੰਘ ਘੜੂੰਆਂ, ਜੀਤ ਸਿੰਘ ਔਲਖ, ਦਰਸ਼ਨ ਸਿੰਘ (ਅਕਾਲੀ ਦਲ ਅੰਮ੍ਰਿਤਸਰ) ਅਮਰੀਕਾ, ਕਿਸਾਨ ਨੇਤਾ ਸਤਨਾਮ ਸਿੰਘ ਬਹਿਰੂ, ਲੋਕ ਹਿੱਤ ਮਿਸ਼ਨ ਤੋਂ ਰਵਿੰਦਰ ਸਿੰਘ ਵਜੀਦਪੁਰ, ਕਿਰਤੀ ਕਿਸਾਨ ਯੂਨੀਅਨ ਤੋਂ ਹਰਮੇਸ਼ ਸਿੰਘ ਢੇਸੀ, ਸ਼ੇਰੇ ਪੰਜਾਬ ਕਿਸਾਨ ਯੂਨੀਅਨ ਦੇ ਪ੍ਰਧਾਨ ਗੁਰਵਿੰਦਰ ਸਿੰਘ ਭੰਗੂ, ਜਗਜੀਤ ਸਿੰਘ ਕਰਾਲਾ (ਜ਼ਿਲ੍ਹਾ ਪ੍ਰਧਾਨ ਡਕੌਂਦਾ), ਜਸਪਾਲ ਸਿੰਘ ਲਾਂਡਰਾਂ (ਜ਼ਿਲ੍ਹਾ ਪ੍ਰਧਾਨ ਲੱਖੋਵਾਲ), ਐਡਵੋਕੇਟ ਗੁਰਸ਼ਰਨ ਧਾਲੀਵਾਲ, ਕਿਸਾਨ ਆਗੂ ਗੁਰਦੀਪ ਸਿੰਘ ਭੋਗਪੁਰ, ਕਰਨੈਲ ਸਿੰਘ ਪੰਜੋਲੀ, ਭਾਈ ਸਤਨਾਮ ਸਿੰਘ ਖੰਡਾ (ਪੰਜ ਪਿਆਰੇ), ਬਾਬਾ ਗੁਰਦੇਵ ਸਿੰਘ ਨਾਨਕਸਰ, ਬੀਬੀ ਪ੍ਰੀਤਮ ਕੌਰ, ਬੀਬੀ ਬਲਜੀਤ ਕੌਰ, ਬੀਬੀ ਜਸਵਿੰਦਰ ਕੌਰ (ਸੁਖਮਨੀ ਸੇਵਾ ਸੁਸਾਇਟੀ), ਬਲਜੀਤ ਸਿੰਘ ਭਾਊ, ਬਲਜੀਤ ਸਿੰਘ ਖਾਲਸਾ, ਸੁਖਬੀਰ ਸਿੰਘ ਬਲਬੇੜਾ, ਬੱਬੂ ਪੰਧੇਰ ਸਮੇਤ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਇੱਕ ਨਜ਼ਰ . . .

## ਕਬਿੱਤ ਛੰਦ ਇੱਕ ਬੰਦ !



ਦੋਹਰਾ
ਘੜੀ ਘੜੀ ਸੇ ਦਿਨ ਗਏ,ਦਿਨ ਦਿਨ ਬੀਤੇ ਮਾਸ ।
ਮਾਸ ਮਾਸ ਕਰ ਸਾਲ ਗਿਆ,ਅੱਗੇ ਸੁਣੋ ਬਿਲਾਸ ।
ਪਲ ਪਲ ਘੜੀ ਬੀਤੀ,
ਘੜੀ ਘੜੀ ਪਹਿਰ ਬੀਤੇ,
ਚਾਰ ਪਹਿਰਾਂ ਪਿੱਛੋਂ ਦਿਨ,
ਹੋ ਗਿਆ ਬਤੀਤ ਜੀ।
ਚਾਰ ਪਹਿਰ ਰਾਤਰੀ ਦੇ,
ਇੱਦਾਂ ਹੀ ਬਤੀਤ ਹੋਏ,
ਸੂਰਜ ਤੇ ਚੰਦ ਨਾਲ,
ਦੋਹਾਂ ਦੀ ਪਰੀਤ ਜੀ।
ਤੀਸ ਦਿਨਾਂ ਬਾਅਦ,
ਬੀਤ ਗਿਆ ਇੱਕ ਮਾਸ ਪੂਰਾ,
ਬਾਰਾਂ ਮਾਸ ਪਿੱਛੋਂ,
ਸਾਲ ਬਣਿਆ ਅਤੀਤ ਜੀ।
ਅਲਵਿਦਾ ਆਖਦਾਂ ਮੈਂ,
ਲੰਘ ਚੁੱਕੇ ਸਾਲ ਤਾਈਂ,
ਨਵਿਆਂ ਨੂੰ ਜੀਓ ਆਇਆਂ,
ਬਣੀ ਆਈ ਰੀਤ ਜੀ।

ਰੂਪ ਸਿੰਘ ਨੰਗਾ, ਸਾਬਕਾ ਥਾਣੇਦਾਰ।

ਆਵਾਜ਼ਿ ਕੌਮ AWAZE QAUM International Newspaper & WEB TV

## ਬੈਂਤ ਛੰਦ !

ਬੀਬੀ ਗਈ ਸੀ ਜਥੇ ਦੇ ਨਾਲ਼ ਜਿਹੜੀ, ਪਾਕਿਸਤਾਨ ਗੁਰਪੁਰਬ ਦੇ ਪੱਜ ਲੋਕੋ।
ਜਾ ਕੇ ਵਿੱਚ ਨਨਕਾਣੇ ਦੇ ਵੱਖ ਹੋ ਗਈ, ਦਿੱਤਾ ਆਪਣੇ ਜਥੇ ਨੂੰ ਤੱਜ ਲੋਕੋ।
ਗਿੱਟ ਮਿੱਟ ਸੀ ਕਿਸੇ ਦੇ ਨਾਲ਼ ਪਹਿਲਾਂ, ਕਰਨ ਵਾਸਤੇ ਕੋਈ ਕੁਚੱਜ ਲੋਕੋ।
ਮੱਥਾ ਟੇਕਿਆ ਨਹੀਂ ਦਰਬਾਰ ਜਾ ਕੇ, ਕਿਸੇ ਗੈਰ ਦੇ ਨਾਲ਼ ਗਈ ਭੱਜ ਲੋਕੋ।
ਨਾਸਿਰ ਹੁਸੈਨ ਦੇ ਨਾਲ਼ ਨਿਕਾਹ ਕੀਤਾ, ਪਹੁੰਚੀ ਮੌਲਵੀ ਪਾਸ ਸਜ ਧੱਜ ਲੋਕੋ।
ਸਰਬਜੀਤ ਤੋਂ ਨੂਰ ਹੁਸੈਨ ਬਣ ਗਈ, ਪਾ ਕੇ ਸ਼ਰਮ ਤੇ ਧਰਮ ਨੂੰ ਛੱਜ ਲੋਕੋ।
ਖ਼ਾਨਦਾਨ ਨੂੰ ਖੱਟ ਕਲੰਕ ਦਿੱਤਾ,ਮੰਨੀ ਰਤਾ ਨਾ ਏਸ ਨੇ ਲੱਜ ਲੋਕੋ।
ਪੋਸਟ ਮੀਡੀਆ ਤੇ ਪਾਈ ਨਿਕਾਹ ਵਾਲ਼ੀ, ਕਰਕੇ ਗੰਦੀ ਕਰਤੂਤ ਨਿਲੱਜ ਲੋਕੋ।
ਪਤਾ ਲੱਗਿਆ ਪੁਲਿਸ ਪੜਤਾਲ ਕੀਤੀ, ਭੱਜੇ ਆਪਣੇ ਮੁੱਖੜੇ ਕੱਜ ਲੋਕੋ।
ਪੁਲਿਸ ਲੱਭਦੀ ਫਿਰੇ ਭਗੌੜਿਆਂ ਨੂੰ, ਫ਼ੜੇ ਗਏ ਨੇ ਆਖ਼ਰੀ ਅੱਜ ਲੋਕੋ।
ਕਰਤਾ ਹੁਕਮ ਸਰਕਾਰ ਨੇ ਵਾਪਸੀ ਦਾ, ਵਾਪਿਸ ਆਉਣ ਦਾ ਰਿਹਾ ਨੀ ਹੱਜ ਲੋਕੋ।
ਰੂਪਮੋੜ ਕੇ ਲੈ ਗਏ ਬਾਡਰਾਂ ਤੋਂ, ਕਹਿੰਦੇ ਫ਼ੈਸਲਾ ਕਰੂਗਾ ਜੱਜ ਲੋਕੋ।

ਰੂਪ ਸਿੰਘ ਨੰਗਾ, ਸਾਬਕਾ ਥਾਣੇਦਾਰ।

## ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵੱਲੋਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬਾਲ ਕਵੀ ਦਰਬਾਰ ਵਿੱਚ ਨੰਨੇ ਮੁੰਨਿਆਂ ਨੇ ਗੁਰੂ ਸਾਹਿਬ ਜੀ ਦੀ ਉਸਤਤ ਕੀਤੀ

ਸੰਗਰੂਰ 9 ਜਨਵਰੀ ( ਆਵਾਜ਼ਿ ਕੌਮ ਬਿਊਰੋ)-ਸਥਾਨਿਕ ਗੁਰਦੁਆਰਾ ਸਾਹਿਬ ਗੁਰੂ ਨਾਨਕ ਪੁਰਾ ਵਿਖੇ ਸੀ੍ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਵਿੱਚ ਸੀ੍ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵੱਲੋਂ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬਾਲ ਕਵੀ ਦਰਬਾਰ ਕਰਵਾਇਆ ਗਿਆ।ਹਰਭਜਨ ਸਿੰਘ ਭੱਟੀ ਮੁੱਖ ਸੇਵਾਦਾਰ ਸੁਸਾਇਟੀ, ਜਸਵਿੰਦਰ ਪਾਲ ਸਿੰਘ, ਗੁਰਿੰਦਰ ਸਿੰਘ ਗੁਜਰਾਲ, ਨਰਿੰਦਰ ਪਾਲ ਸਿੰਘ ਸਾਹਨੀ, ਰਾਜਵਿੰਦਰ ਸਿੰਘ ਲੱਕੀ ਸਰਪ੍ਰਸਤ ਦੀ ਦੇਖ ਰੇਖ ਹੇਠ ਹੋਏ ਇਸ ਸਮਾਗਮ ਵਿੱਚ ਸ਼ਹਿਰ ਦੇ ਵੱਖ ਵੱਖ ਸਕੂਲਾਂ ਦੇ 100 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਨਰਸਰੀ ਤੋਂ ਤੀਸਰੀ ਮਿੰਨੀ ਗਰੁੱਪ, ਚੌਥੀ ਤੋਂ ਸੱਤਵੀਂ ਜੂਨੀਅਰ ਅਤੇ ਅੱਠਵੀਂ ਤੋਂ ਬਾਰਵੀਂ ਤੱਕ ਦੇ ਵਿਦਿਆਰਥੀਆਂ ਨੂੰ ਸੀਨੀਅਰ ਗਰੁੱਪ ਵਿੱਚ ਵੰਡ ਕੇ ਮੁਕਾਬਲਿਆਂ ਦੇ ਰੂਪ ਵਿੱਚ ਬਾਲ ਕਵੀ ਦਰਬਾਰ ਹੋਇਆ। ਇਹਨਾਂ ਮੁਕਾਬਲਿਆਂ ਲਈ ਜੱਜ ਸਾਹਿਬਾਨ ਵੱਜੋ ਸੇਵਾ ਪ੍ਰੋ ਰਮਨਦੀਪ ਸਿੰਘ ਦੀਪ ਭਾਈ ਗੁਰਦਾਸ ਕਾਲਜ, ਸ਼ਸ਼ੀ ਬਾਲਾ ਸਰਕਾਰੀ ਹਾਈ ਸਕੂਲ ਆਲੋਅਰਖ ਅਤੇ ਇੰਦਰਜੀਤ ਸਿੰਘ ਸੰਗਰੂਰ ਨੇ ਨਿਭਾਈ ਜਦੋਂ ਕਿ ਰਾਜਿੰਦਰ ਪਾਲ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ ਸਮਾਂ ਵਾਚਕ ਦੀ ਸੇਵਾ ਨਿਭਾਈ। ਚਰਨਜੀਤ ਪਾਲ ਸਿੰਘ ਅਤੇ ਗੁਰਿੰਦਰ ਵੀਰ ਸਿੰਘ ਦੇ ਸਟੇਜ ਸੰਚਾਲਨ ਅਧੀਨ ਕਵੀ ਦਰਬਾਰ ਵਿੱਚ ਮਿੰਨੀ ਗਰੁੱਪ ਦੇ ਨੰਨੇ ਮੁੰਨਿਆਂ ਨੇ ਆਪਣੀਆਂ ਅਦਾਵਾਂ ਤੇ ਪੇਸ਼ਕਾਰੀਆਂ ਨਾਲ ਸੰਗਤਾਂ ਦਾ ਮਨ ਮੋਹ ਲਿਆ। ਜੂਨੀਅਰ ਅਤੇ ਸੀਨੀਅਰ ਗਰੁੱਪਾਂ ਦੇ ਬਾਲ ਕਵੀਆਂ ਨੇ ਸੰਗਰੂਰ ਸ਼ਹਿਰ ਦੇ ਮਰਹੂਮ ਸ਼ਾਇਰ ਰਾਜਿੰਦਰ ਸਿੰਘ ਜੋਸ਼ ਤੇ ਡਾ: ਚਰਨਜੀਤ ਸਿੰਘ ਉਡਾਰੀ ਦੇ ਨਾਲ ਡਾ ਹਰੀ ਸਿੰਘ ਜਾਚਕ, ਕਰਮਜੀਤ ਸਿੰਘ ਨੂਰ, ਚਰਨ ਸਿੰਘ ਸਫ਼ਰੀ ਆਦਿ ਪੰਥਕ ਕਵੀਆਂ ਤੋਂ ਇਲਾਵਾ ਸੰਗਰੂਰ ਦੇ ਹੀ ਨੌਜਵਾਨ ਕਵੀ ਤੇ ਲਿਖਾਰੀ ਗਗਨਦੀਪ ਸਿੰਘ ਗੱਗੀ ਦੀਆਂ ਰਚਨਾਵਾਂ ਦੀ ਖ਼ੂਬਸੂਰਤੀ ਨਾਲ ਪੇਸ਼ਕਾਰੀ ਕਰਦਿਆਂ ਸੰਗਤਾਂ ਪਾਸੋਂ ਜੈਕਾਰਿਆਂ ਦੀ ਗੂੰਜ ਵਿੱਚ ਹੌਂਸਲਾ ਅਫਜ਼ਾਈ ਪ੍ਰਾਪਤ ਕੀਤੀ। ਵੱਖ ਵੱਖ ਗਰੁੱਪਾਂ ਦੇ ਜੇਤੂਆਂ ਨੂੰ ਸੁਸਾਇਟੀ ਵੱਲੋਂ ਜਿਥੇ ਸਵਰਗੀ ਮਾਸਟਰ ਗੁਰਚਰਨ ਸਿੰਘ ਦੀ ਯਾਦ ਵਿੱਚ ਟਰਾਫੀਆਂ ਦੇਣ ਦੀ ਸੇਵਾ ਪੋਤਰੇ ਪਰਮਜੋਤ ਸਿੰਘ ਸਪੁੱਤਰ ਸ੍ ਚਰਨਜੀਤ ਪਾਲ ਸਿੰਘ ਵੱਲੋਂ ਕੀਤੀ ਗਈ ਉਥੇ ਗੁਰਿੰਦਰ ਸਿੰਘ ਗੁਜਰਾਲ , ਮਾਸਟਰ ਪ੍ਰੀਮ ਸਿੰਘ ਅਤੇ ਸ਼ਹੀਦ ਬਾਬਾ ਦੀਪ ਸਿੰਘ ਸੇਵਾ ਸੁਸਾਇਟੀ ਦੇ ਸਹਿਯੋਗ ਨਾਲ ਸਾਰੇ ਬੱਚਿਆਂ ਨੂੰ ਉਤਸ਼ਾਹਿਤ ਇਨਾਮ ਦਿੱਤੇ ਗਏ। ਇਸ ਕਵੀ ਦਰਬਾਰ ਦਾ ਸਰਵੋਤਮ ਬਾਲ ਕਵੀ ਪ੍ਰਭਲੀਨ ਸਿੰਘ ਦਿੱਲੀ ਪਬਲਿਕ ਸਕੂਲ ਸੰਗਰੂਰ ਨੂੰ ਐਲਾਨਿਆ ਗਿਆ। *ਸੁਰਿੰਦਰ ਪਾਲ ਸਿੰਘ ਸਿਦਕੀ ਪ੍ਰੈਸ ਸਕੱਤਰ ਨੇ ਦੱਸਿਆ ਕਿ ਪ੍ਰਭਲੀਨ ਸਿੰਘ ਨੂੰ ਸੁਸਾਇਟੀ ਵੱਲੋਂ ਦਿੱਤੇ ਵਿਸ਼ੇਸ਼ ਇਨਾਮ ਨਾਲ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਸਵਿੰਦਰ ਸਿੰਘ ਪ੍ਰਿੰਸ ਨੇ ਆਪਣੇ ਸਤਿਕਾਰ ਯੋਗ ਪਿਤਾ ਦੀ ਯਾਦ ਵਿੱਚ ਸੁਰਿੰਦਰ ਸਿੰਘ ਗੁਜਰਾਲ(ਸੁਰਿੰਦਰ ਦੀ ਹੱਟੀ ਵਾਲੇ) ਯਾਦਗਾਰੀ ਚਲੰਤ ਟਰਾਫੀ ਵੀ ਪ੍ਦਾਨ ਕੀਤੀ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋ ਪ੍ਰਭਲੀਨ ਸਿੰਘ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਪਟਨਾ ਸਾਹਿਬ ਯਾਤਰਾ ਦਾ ਟਿਕਟ ਦੇਣ ਦਾ ਐਲਾਨ ਕੀਤਾ ਗਿਆ*। ਇਸ ਮੌਕੇ ਤੇ ਪ੍ਰਭਲੀਨ ਸਿੰਘ ਦੇ ਦਾਦਾ ਅਵਤਾਰ ਸਿੰਘ ਅਤੇ ਬਲਬੀਰ ਕੌਰ ਦਾਦੀ ਨਾਲ ਪਿਤਾ ਗੁਰਿੰਦਰ ਵੀਰ ਸਿੰਘ ਮਾਤਾ ਹਰਮਿੰਦਰ ਕੌਰ ਸਮੇਤ ਮਾਤਾ ਸਵਰਨ ਕੌਰ ਪ੍ਰਧਾਨ ਇਸਤਰੀ ਸਤਿਸੰਗ ਸਭਾ, ਗੁਰਲੀਨ ਕੌਰ, ਮਹਿਕਪ੍ਰੀਤ ਕੌਰ, ਰੇਖਾ ਰਾਣੀ, ਕਿਰਨ ਦੂਆ, ਆਨੰਤ ਕੌਰ, ਸਿਮਰਨਜੀਤ ਕੌਰ ਆਦਿ ਅਤੇ ਜੱਜ ਸਾਹਿਬਾਨ ਵੀ ਹਾਜ਼ਰ ਸਨ ਵਿੱਖ ਵੱਖ ਗਰੁੱਪਾਂ ਦੇ ਜੇਤੂਆਂ ਨੂੰ ਇਨਾਮ ਦੇਣ , ਜੱਜ ਸਾਹਿਬਾਨ, ਪ੍ਰਬੰਧਕ ਕਮੇਟੀ ਅਤੇ ਸਹਿਯੋਗੀਆਂ ਨੂੰ ਸਨਮਾਨਿਤ ਕਰਨ ਦੀ ਰਸਮ ਹਰਭਜਨ ਸਿੰਘ ਭੱਟੀ, ਹਰਪ੍ਰੀਤ ਸਿੰਘ ਪ੍ਰੀਤ ਜਨਰਲ ਸਕੱਤਰ ਗੁਰਦੁਆਰਾ ਸਾਹਿਬਾਨ ਪ੍ਰਬੰਧਕ ਤਾਲਮੇਲ ਕਮੇਟੀ,ਪ੍ਰੀਮ ਸਿੰਘ, ਗੁਰਿੰਦਰ ਸਿੰਘ ਗੁਜਰਾਲ, ਹਰਦੀਪ ਸਿੰਘ ਸਾਹਨੀ, ਦਲਵੀਰ ਸਿੰਘ ਬਾਬਾ, ਜਸਵਿੰਦਰ ਪਾਲ ਸਿੰਘ ਵਿੱਕੀ, ਅਵਤਾਰ ਸਿੰਘ, ਜਸਵੀਰ ਸਿੰਘ ਖਾਲਸਾ, ਹਰਵਿੰਦਰ ਸਿੰਘ ਪੱਪੂ, ਬਲਜੋਤ ਸਿੰਘ, ਹਰਵਿੰਦਰ ਸਿੰਘ ਬਿੱਟੂ, ਗੁਰਕੰਵਲ ਸਿੰਘ, ਰਾਜਿੰਦਰ ਪਾਲ ਸਿੰਘ, ਹਰਿੰਦਰ ਵੀਰ ਸਿੰਘ, ਵਰਿੰਦਰ ਸਿੰਘ ਗੁੱਜਰਾਂ, ਜਸਵੀਰ ਸਿੰਘ ਪਿੰਕਾ, ਗਗਨਦੀਪ ਸਿੰਘ, ਗੁਰਸਿਮਰਨ ਸਿੰਘ ਗੁਜਰਾਲ, ਜਸਵਿੰਦਰ ਸਿੰਘ ਸਾਹਨੀ, ਰੋਵਿਨਪ੍ਰੀ ਸਿੰਘ, ਗੁਰਮੀਤ ਸਿੰਘ ਸਾਹਨੀ, ਗੁਰਵਿੰਦਰ ਸਿੰਘ ਸਰਨਾ,ਪਰਮਿੰਦਰ ਸਿੰਘ ਸੋਬਤੀ, ਗੁਰਜੰਟ ਸਿੰਘ , ਭਾਈ ਸੁੰਦਰ ਸਿੰਘ ਹੈੱਡ ਗ੍ਰੰਥੀ ਆਦਿ ਨੇ ਨਿਭਾਈ। ਇਸ ਸਮਾਗਮ ਦੌਰਾਨ ਬੱਚਿਆਂ ਤੋਂ ਸਿੱਖ ਇਤਿਹਾਸ ਸਬੰਧੀ ਸਵਾਲ ਵੀ ਪੁੱਛੇ ਗਏ ਅਤੇ ਸਹੀ ਜਵਾਬ ਦੇਣ ਵਾਲੇ ਬੱਚੇ ਨੂੰ ਮੌਕੇ ਤੇ ਹੀ ਇਨਾਮ ਦਿੱਤੇ ਗਏ। ਸ਼ਸ਼ੀ ਬਾਲਾ ਨੇ ਸੁਸਾਇਟੀ ਵੱਲੋਂ ਬਾਲ ਫੁਲਵਾੜੀ ਵਿੱਚ ਕਾਵਿ ਕਲਾਵਾਂ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਕਰਵਾਏ ਇਸ ਸਮਾਗਮ ਦੀ ਸ਼ਲਾਘਾ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

## ਪੰਥ ਅਤੇ ਪੰਜਾਬ ਦੇ ਰਾਜਨੀਤਿਕ ਭਵਿੱਖ ’ਤੇ ਅਹਿਮ ਬੈਠਕ, ਬੰਦੀ ਸਿੰਘਾਂ ਦੀ ਰਿਹਾਈ ਮੁੱਖ ਮੁੱਦਾ









ਜਲੰਧਰ, 9 ਜਨਵਰੀ (ਆਵਾਜ਼ਿ ਕੌਮ ਬਿਊਰੋ)- ਅੱਜ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਜੀ ਦੇ ਨਿਵਾਸ ਸਥਾਨ ਜਲੰਧਰ ਵਿੱਚ ਪੰਥਕ ਅਤੇ ਪੰਜਾਬ-ਪੱਖੀ ਸਿਆਸਤ ਨਾਲ ਜੁੜੇ ਆਗੂਆਂ ਦੀ ਇਕ ਮਹੱਤਵਪੂਰਨ ਬੈਠਕ ਹੋਈ। ਇਸ ਬੈਠਕ ਵਿੱਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ, ਸ. ਗੁਰਜੰਟ ਸਿੰਘ ਕੱਟੂ, ਭਾਈ ਗੁਰਦੀਪ ਸਿੰਘ ਬਠਿੰਡਾ, ਜੱਥੇਦਾਰ ਬੂਟਾ ਸਿੰਘ ਰਣਸੀਂਹ ਸਮੇਤ ਤਿੰਨ ਵੱਖ-ਵੱਖ ਜਥੇਬੰਦੀਆਂ ਦੇ ਆਗੂ ਸ਼ਾਮਲ ਹੋਏ। ਬੈਠਕ ਦੌਰਾਨ ਪੰਥ ਅਤੇ ਪੰਜਾਬ ਦੇ ਰਾਜਨੀਤਿਕ ਭਵਿੱਖ, ਮੌਜੂਦਾ ਹਾਲਾਤਾਂ ਅਤੇ ਖ਼ਾਸ ਤੌਰ ’ਤੇ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ ’ਤੇ ਗੰਭੀਰ ਅਤੇ ਸੰਜੀਦਾ ਵਿਚਾਰ-ਵਟਾਂਦਰਾ ਕੀਤਾ ਗਿਆ। ਆਗੂਆਂ ਨੇ ਇਕ ਸੁਰ ਵਿੱਚ ਕਿਹਾ ਕਿ “ਪੰਜਾਬ ਵਸਦਾ ਗੁਰਾਂ ਦੇ ਨਾਮ ਤੇ” ਦਾ ਅਟੱਲ ਸਿਧਾਂਤ ਅੱਜ ਪੰਥ ਅਤੇ ਪੰਜਾਬ ਵਿਰੋਧੀ ਸ਼ਕਤੀਆਂ ਦੀ ਧੁੰਦਲੀ ਅਤੇ ਦਬਾਉ ਵਾਲੀ ਨੀਤੀ ਹੇਠ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ। ਇਸ ਸਥਿਤੀ ਦੇ ਹੱਲ ਲਈ ਸਾਰਿਆਂ ਵੱਲੋਂ ਸਹਿਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਪੰਥਕ ਏਕਤਾ ਅਤੇ ਸਾਂਝੀ ਰਣਨੀਤੀ ਰਾਹੀਂ ਹੀ ਇਨ੍ਹਾਂ ਚੁਣੌਤੀਆਂ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ। ਬੈਠਕ ਵਿੱਚ ਇਸ ਗੱਲ ’ਤੇ ਵੀ ਜ਼ੋਰ ਦਿੱਤਾ ਗਿਆ ਕਿ ਭਵਿੱਖ ਵਿੱਚ ਪੰਥ-ਪ੍ਰਸਤ ਸ਼ਖ਼ਸੀਅਤਾਂ, ਜਥੇਬੰਦੀਆਂ ਅਤੇ ਪੰਜਾਬ-ਪੱਖੀ ਸੁਹਿਰਦ ਸੰਘਰਸ਼ਸ਼ੀਲ ਤਾਕਤਾਂ ਨਾਲ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕਰਕੇ ਠੋਸ ਨਤੀਜੇ ਕੱਢੇ ਜਾਣਗੇ। ਆਗੂਆਂ ਨੇ ਦੱਸਿਆ ਕਿ ਇਸ ਤੋਂ ਕੁਝ ਦਿਨ ਪਹਿਲਾਂ ਵਾਰਸ ਪੰਜਾਬ ਦੇ ਦੇ ਕਾਰਜਕਾਰੀ ਪ੍ਰਧਾਨ ਸਰਦਾਰ ਤਰਸੇਮ ਸਿੰਘ, ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਕਰੀਮਪੁਰੀ ਅਤੇ ਵੱਖ-ਵੱਖ ਕਿਸਾਨ ਆਗੂਆਂ ਨਾਲ ਵੀ ਹਾਂ-ਪੱਖੀ ਅਤੇ ਉਸਾਰੂ ਵਿਚਾਰ-ਵਟਾਂਦਰਾ ਹੋ ਚੁੱਕਾ ਹੈ, ਜਿਸ ਨਾਲ ਪੰਥਕ ਅਤੇ ਪੰਜਾਬ-ਪੱਖੀ ਏਕਤਾ ਨੂੰ ਹੋਰ ਮਜ਼ਬੂਤੀ ਮਿਲੀ ਹੈ। ਬੈਠਕ ਦੇ ਅੰਤ ਵਿੱਚ ਆਗੂਆਂ ਨੇ ਸਪਸ਼ਟ ਕੀਤਾ ਕਿ ਇਹ ਸਾਰੇ ਯਤਨ ਕਿਸੇ ਇਕ ਜਥੇਬੰਦੀ ਜਾਂ ਵਿਅਕਤੀ ਤੱਕ ਸੀਮਿਤ ਨਹੀਂ, ਸਗੋਂ ਪੰਜਾਬ, ਪੰਥ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

## ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਖੰਡ ਪਾਠ ਸ਼ੁਰੂ, ਅੱਜ ਹੋਣਗੇ ਗੁਰਬਾਣੀ ਕੰਠ ਮੁਕਾਬਲੇ



ਅੰਮ੍ਰਿਤ ਦੇ ਦਾਤੇ, ਦਸ਼ਮੇਸ਼ ਪਿਤਾ, ਸਿੱਖਾਂ ਦੇ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 359 ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਰੇਲਵੇ ਬੀ - ਬਲਾਕ ਕਲੋਨੀ ਦੀ ਸ਼੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵੱਲੋਂ ਤਿੰਨ ਦਿਨਾਂ ਲਈ ਧਾਰਮਿਕ ਸਮਾਗਮ ਸ਼ੁਕਰਵਾਰ ਨੂੰ ਸ਼ੁਰੂ ਕੀਤਾ ਗਿਆ। ਸੁਸਾਇਟੀ ਦੇ ਪ੍ਰਧਾਨ ਜਸਵੰਤ ਸਿੰਘ, ਚੇਅਰਮੈਨ ਡਾਕਟਰ ਇੰਦਰਪਾਲ ਸਿੰਘ ਪਸਰੀਚਾ ਅਤੇ ਬਾਬਾ ਨਿਰਵੈਰ ਸਿੰਘ ਦੀ ਅਗਵਾਈ ਹੇਠ ਗੁਰਦੁਆਰਾ ਸ਼ਹੀਦ ਗੰਜ ਸਾਹਿਬ (ਦਮਦਮੀ ਟਕਸਾਲ) ਰੇਲਵੇ ਕਲੋਨੀ ਬੀ ਬਲਾਕ ਵਿਖੇ ਸਵੇਰੇ 10 ਵਜ਼ੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਂਟ ਆਸਰਾ ਲੈਂਦਿਆਂ ਅਰਦਾਸ ਉਪਰੰਤ ਸ਼੍ਰੀ ਅਖੰਡ ਪਾਠ ਸਾਹਿਬ ਦੇ ਪਾਠ ਰੱਖੇ ਗਏ। ਜਿਨ੍ਹਾਂ ਦਾ ਭੋਗ 11 ਜਨਵਰੀ ਦਿਨ ਐਤਵਾਰ ਨੂੰ ਪਾਇਆ ਜਾਵੇਗਾ। ਇਹ ਸ਼੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੀ ਸੇਵਾ ਡਾਕਟਰ ਇੰਦਰਪਾਲ ਸਿੰਘ ਪਸਰੀਚਾ, ਪ੍ਰਿਤਪਾਲ ਸਿੰਘ ਰਣਜੀਤ ਐਵਨਿਊ ਵੱਲੋ ਕਰਵਾਏ ਜਾ ਰਹੇ ਹਨ। ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਬਾਬਾ ਸੁੱਖਾ ਸਿੰਘ ਵੱਲੋ ਰੱਖੇ ਗਏ ਅਖੰਡ ਪਾਠ ਸਾਹਿਬ ਦੇ ਪਾਠ ਦੀ ਅਰਦਾਸ ਕੀਤੀ ਗਈ। ਪ੍ਰਧਾਨ ਜਸਵੰਤ ਸਿੰਘ ਨੇ ਕਿਹਾ ਕਿ ਸੁਸਾਇਟੀ ਵੱਲੋਂ ਇਹ 37ਵਾਂ ਸਾਲਾਨਾ ਸਮਾਗਮ ਕਰਵਾਇਆ ਜਾ ਰਿਹਾ ਹੈ। ਸਿੱਖ ਇਤਿਹਾਸ ਨਾਲ ਸੰਬੰਧਿਤ ਬੱਚਿਆਂ ਨੂੰ ਗੁਰੂ ਘਰ ਨਾਲ ਜੋੜਨ ਲਈ ਅੱਜ ਗੁਰਬਾਣੀ ਕੰਠ ਅਤੇ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਣਗੇ। 4 ਸਾਲ ਤੋਂ 12 ਸਾਲ ਤੱਕ ਛੋਟੇ ਬੱਚਿਆਂ ਵਿੱਚ ਮੁਕਾਬਲੇ ਕਰਵਾਏ ਜਾਣਗੇ। ਮੁਕਾਬਲੇ ਦੌਰਾਨ ਬੱਚਿਆਂ ਨੂੰ ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸਬੰਧਤ ਸਵਾਲ ਪੁੱਛੇ ਜਾਣਗੇ, ਸਹੀ ਜਵਾਬ ਦੇਣ ਵਾਲੇ ਬੱਚਿਆਂ ਨੂੰ ਨਕਦ ਰਾਸ਼ੀ , ਸ਼ੀਲਡ, ਮੈਡਲ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਦੌਰਾਨ ਸੁਸਾਇਟੀ ਵੱਲੋਂ ਦੁੱਧ ਅਤੇ ਪਕੌੜਿਆਂ ਤੋਂ ਇਲਾਵਾ ਗੁਰੂ ਕਾ ਲੰਗਰ ਵੀ ਸਾਰਾ ਦਿਨ ਚਲਦਾ ਰਿਹਾ। ਇਸ ਮੌਕੇ ਜਨਰਲ ਸਕੱਤਰ ਸਤਨਾਮ ਸਿੰਘ, ਕਨਵੀਨਰ ਕੁਲਵਿੰਦਰ ਸਿੰਘ ਬੰਟੀ, ਹਰਚਰਨ ਸਿੰਘ ਕੋਟ ਖਾਲਸਾ, ਦਵਿੰਦਰ ਸਿੰਘ ਕਾਕਾ, ਦਲਬੀਰ ਸਿੰਘ ਕੈਸ਼ੀਅਰ , ਸਹਾਇਕ ਕੈਸ਼ੀਅਰ ਕਿਰਨ ਕੁਮਾਰ (ਕੇਕੇ), ਕਸ਼ਮੀਰ ਸਿੰਘ ਕੋਟ ਖਾਲਸਾ, ਮਨਿੰਦਰ ਸਿੰਘ ਮੋਨੂੰ, ਪ੍ਰਭਦਿਆਲ ਸਿੰਘ ਅਟਾਰੀ, ਰਾਕੇਸ਼ ਕੁਮਾਰ ਮੋਨੂੰ, ਪ੍ਰਿੰਸਪਾਲ ਭਗਤ, ਪਵਨ ਕੁਮਾਰ ਸੋਨੀ, ਗਗਨ ਮਾਸਟਰ, ਜਸਬੀਰ ਸਿੰਘ ਨੀਟੂ, ਗੁਰਸ਼ਾਨ ਸਿੰਘ ਮਠਾਰੂ, ਅਜੀਤ ਸਿੰਘ, ਆਦਿ ਹਾਜ਼ਰ ਸਨ। ਕੱਲ ਸੰਤ ਸਮਾਜ ਅਤੇ ਨੇਤਾ ਅਸ਼ੀਰਵਾਦ ਲੈਣ ਪਹੁੰਚਣਗੇ। 11 ਜਨਵਰੀ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜੱਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਸਾਬਕਾ ਜੱਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ, ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ , ਐਡਵੋਕੇਟ ਭਗਵੰਤ ਸਿੰਘ ਸਿਆਲਕਾ , ਬੀਬੀ ਕਿਰਨਜੋਤ ਕੌਰ, ਬਾਵਾ ਸਿੰਘ ਗੁਮਾਨਪੁਰਾ ਤਿੰਨੇ ਸ਼੍ਰੋਮਣੀ ਕਮੇਟੀ ਮੈਂਬਰ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਓਮ ਪ੍ਰਕਾਸ਼ ਸੋਨੀ ਸਾਬਕਾ ਉਪ ਮੁੱਖ ਮੰਤਰੀ, ਰਜਿੰਦਰ ਮੋਹਨ ਸਿੰਘ ਛੀਨਾ ਭਾਜਪਾ ਨੇਤਾ, ਡਾ. ਇੰਦਰਬੀਰ ਸਿੰਘ ਨਿੱਜਰ ਵਿਧਾਇਕ ਹਲਕਾ ਦੱਖਣੀ, ਸੂਚਨਾਂ ਕੇਂਦਰ ਅਧਿਕਾਰੀ ਅੰਮ੍ਰਿਤਪਾਲ ਸਿੰਘ, ਰਣਧੀਰ ਸਿੰਘ ਵਰਪਾਲ, ਜਤਿੰਦਰ ਸਿੰਘ, ਡਿਪਟੀ ਮੇਅਰ ਤਰੁਣਬੀਰ ਕੈਂਡੀ, ਸੁਰਿੰਦਰ ਸਿੰਘ ਗਾਂਧੀ ਪ੍ਰਧਾਨ ਹੋਟਲ ਐਸੋਸੀਏਸ਼ਨ, ਸੁਰਜੀਤ ਸਿੰਘ ਕੋਹਲੀ ਭਰਾ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ , ਸੁਰਜੀਤ ਸਿੰਘ ਪਹਿਲਵਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦੱਲ ਅੰਮ੍ਰਿਤਸਰ ਸ਼ਹਿਰੀ, ਸਤੀਸ਼ ਬਲੂ, ਰਸ਼ਪਾਲ ਸਿੰਘ ਖਿਆਲਾ, ਸੁਰਿੰਦਰ ਚੌਧਰੀ, ਸੰਦੀਪ ਸਿੰਘ ਚਾਰੇ ਕੌਂਸਲਰ ਸਮਾਗਮ ਵਿੱਚ ਹਾਜ਼ਰੀ ਭਰਨਗੇ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM

# ਜਥੇਦਾਰ ਰਜ਼ਿੰਦਰ ਸਿੰਘ ਬਕਾਲਾ ਦੇ ਸਤਿਕਾਰਯੋਗ ਪਿਤਾ ਸ. ਕਿਰਪਾਲ ਸਿੰਘ ਜੀ ਦੀ ਅੰਤਿਮ ਅਰਦਾਸ ਹੋਈ


















ਜਥੇਦਾਰ ਰਜ਼ਿੰਦਰ ਸਿੰਘ ਬਕਾਲਾ ਦੇ ਸਤਿਕਾਰਯੋਗ ਪਿਤਾ ਸ. ਕਿਰਪਾਲ ਸਿੰਘ ਜੀ ਦੀ ਅੰਤਿਮ ਅਰਦਾਸ ਵਿੱਚ ਅੱਜ ਗੁਰਦੁਆਰਾ ਡਿਉੜੀ ਸਾਹਿਬ ਬਾਬਾ ਬੰਦਾ ਸਿੰਘ ਬਹਾਦਰ ਸੰਢੌਰਾ ਯਮੁਨਾਨਗਰ ਵਿਖੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਹੁਦੇਦਾਰ ਅਤੇ ਮੈਂਬਰ ਸਾਹਿਬਾਨ ਸ਼ਰਧਾ ਦੇ ਫੁੱਲ ਭੇਂਟ ਕਰਨ ਵਾਸਤੇ ਹਾਜ਼ਰ ਹੋਏ ਜਿਨਾਂ ਵਿੱਚ ਸਰਦਾਰ ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ,ਜਥੇਦਾਰ ਸਵਰਨ ਸਿੰਘ ਬੁੰਗਾਟਿੱਬੀ ਸੀਨੀਅਰ ਮੈਂਬਰ,ਜਥੇਦਾਰ ਸੁਖਵਿੰਦਰ ਸਿੰਘ ਮੰਡੇਬਰ ਜਰਨਲ ਸਕੱਤਰ ਸਾਡਾ,ਜਥੇਦਾਰ ਮਨਮੋਹਨ ਸਿੰਘ ਬਲੌਲੀ,ਜਥੇਦਾਰ ਸੁਖਦੇਵ ਸਿੰਘ ਗੋਬਿੰਦਗੜ,ਸਰਦਾਰ ਲਖਵਿੰਦਰ ਸਿੰਘ ਸਤਗੋਲੀ,ਮਾਸਟਰ ਗੋਬਿੰਦ ਸਿੰਘ ਵੀ ਹਾਜ਼ਰ ਸਨ...... ਯਾਦਗਾਰੀ ਤਸਵੀਰਾਂ

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



ਗਿਆਨੀ ਸੁਖਚੈਨ ਸਿੰਘ ਜੀ
ਦਮਦਮੀ ਟਕਸਾਲ ਵਾਲੇ

# ਮਹਾਨ ਗੁਰਮਿਤ ਸਮਾਗਮ

## ਅਵਤਾਰ ਪੁਰਬ ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ

ਸ਼ਹੀਦੀ ਦਿਹਾੜਾ ਕੌਮੀ ਹੀਰੇ ਸਿੱਖ ਕੌਮ ਦੇ ਯੋਧੇ ਸ਼ਹੀਦ ਭਾਈ ਸਤਵੰਤ ਸਿੰਘ ਜੀ ਅਗਵਾਨ ਸ਼ਹੀਦ ਭਾਈ ਕੇਹਰ ਸਿੰਘ ਜੀ ਅਤੇ ਸ਼ਹੀਦ ਭਾਈ ਬੇਅੰਤ ਸਿੰਘ ਜੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ

**ਸ਼ਨਿੱਚਰਵਾਰ 10 ਜਨਵਰੀ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ।**

ਐਤਵਾਰ 11 ਜਨਵਰੀ 2026 ਨੂੰ 6:30 ਵਜੇ ਸਵੇਰੇ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ ਉਪਰੰਤ 12 :30 ਵਜੇ ਤੱਕ ਦੀਵਾਨ ਸੱਜਣਗੇ ।

ਕਥਾ ਵਾਚਕ ਗਿਆਨੀ ਸੁਖਚੈਨ ਸਿੰਘ ਦਮਦਮੀ ਟਕਸਾਲ ਵਾਲੇ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਸ਼੍ਰੀ ਸਹਿਜ ਪਾਠ ਸਾਹਿਬ ਜੀ ਭੋਗ ਐਤਵਾਰ 11 ਜਨਵਰੀ 10 :30 ਵਜੇ ਪੈਣਗੇ ਦਸਵੇਂ ਪਾਤਸ਼ਾਹ ਜੀ ਸਮਰਪਿਤ ਸਿੱਖ ਸੰਗਤਾਂ ਵੱਲੋਂ ਸਹਿਜ ਪਾਠ ਦੀ ਸੇਵਾ ਲਈ ਗਈ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

**★ ਗੁਰੂ ਪੰਥ ਦੇ ਦਾਸਰੇ ★**

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ।
ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778